ਨੇਤਾ ਕੇਸ਼ੂਭਾਈ ਪਟੇਲ ਉਰਫ਼ ਕੇਸ਼ੂਬਾਪਾ ਨੇ ਸਾਰੀਆਂ ਦਾ ਖ਼ਿਆਲ ਰੱਖਿਆ ਲੇਕਿਨ ਮੈਨੂੰ ਅਫਸੋਸ ਹੈ ਕਿ ਮੇਰੀ ਵਜ੍ਹਾ ਨਾਲ ਹੀ ਉਹਨਾਂ ਨੂੰ ਸੱਤਾ ਤੋਂ ਹੱਟਣਾ ਪਿਆ। ਮੇਰੇ ਹੱਥੋਂ ਅਜਿਹਾ ਖਰਾਬ ਕੰਮ ਹੋਇਆ, ਜਿਸਦਾ ਮੈਨੂੰ ਸਾਰੀ ਉਮਰ ਅਫਸੋਸ ਰਹੇਗਾ। ਗੱਲ 1996 ਦੀ ਹੈ ਜਦੋਂ ਕੇਸ਼ੂਭਾਈ ਅਮਰੀਕਾ ਯਾਤਰਾ 'ਤੇ ਜਾ ਰਹੇ ਸਨ। ਉਹਨਾਂ ਨੇ ਮੈਨੂੰ ਮਿਲਣ ਲਈ ਬੁਲਾਇਆ ਅਤੇ ਕਿਹਾ ਕਿ ਕੁਝ ਕਹਿਣਾ ਹੋਵੇ ਤਾਂ ਦੱਸਣਾ। ਉਦੋਂ ਮੈਨੂੰ ਉਹਨਾਂ ਨੇ ਦੱਸਿਆ ਕਿ ਤੁਸੀਂ ਅਮਰੀਕਾ ਤੋਂ ਵਾਪਿਸ ਆਉਂਗੇ, ਤਾਂ ਮੁੱਖਮੰਤਰੀ ਨਹੀਂ ਰਹੋਗੇ। ਉਹਨਾਂ ਨੇ ਵਜ੍ਹਾ ਜਾਣਨੀ ਚਾਹੀ। ਮੈਂ ਉਹਨਾਂ ਨੂੰ ਦੱਸਿਆ ਕਿ 100 ਤੋਂ ਜ਼ਿਆਦਾ ਵਿਧਾਇਕ ਬਹੁਤ ਜ਼ਿਆਦਾ ਨਾਰਾਜ਼ ਹਨ। ਉਹਨਾਂ ਨੇ ਕਿਹਾ ਕਿ ਤੁਹਾਡੇ ਨਾਲ ਮੁਲਾਕਾਤ ਤਕ ਤਾਂ ਹੁੰਦੀ ਨਹੀਂ, ਫਿਰ ਅਸੀਂ ਹਲਕੇ ਵਿਚ ਕੀ ਵਿਕਾਸ ਕਰਵਾ ਪਾਵਾਂਗੇ। ਸਥਿਤੀ ਸਚਮੁੱਚ ਅਜਿਹੀ ਹੀ ਸੀ। ਦਰਅਸਲ, ਉਹਨਾਂ ਦੇ ਕੁਝ ਲੋਕਾਂ ਨੇ ਇਹ ਗੱਲ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡੀ ਕਿ ਮੈਂ ਸੱਤਾ ਖੋਹ ਲਵਾਂਗਾ। ਮੈਂ ਸਰਵਜਨਕ ਰੂਪ ਨਾਲ ਕਹਿੰਦਾ ਸੀ ਕਿ ਕੇਸ਼ੂਭਾਈ ਦੇ ਸਿਵਾਏ ਕੋਈ ਮੁੱਖ ਮੰਤਰੀ ਨਹੀਂ ਹੋਵੇਗਾ। ਫਿਰ ਵੀ ਉਹਨਾਂ ਦਾ ਸਲੀਕਾ ਮੇਰੇ ਪ੍ਰਤੀ ਬਦਲ ਗਿਆ। ਬਾਅਦ ਵਿਚ ਵਿਧਾਇਕਾਂ ਨੇ ਬਗਾਵਤ ਕੀਤੀ ਅਤੇ ਮੈਂ ਇਸਦਾ ਕਾਰਣ ਬਣਿਆ। ਪਹਿਲੀ ਵਾਰ ਮੇਰੀ ਵਜ੍ਹਾ ਨਾਲ ਉਹਨਾਂ ਨੂੰ ਹਟਾਇਆ ਗਿਆ ਲੇਕਿਨ ਦੂਸਰੀ ਵਾਰ ਕਿਉਂ ਅਤੇ ਕਿਸ ਨੇ? ਇਹ ਜਾਣਨ ਦੇ ਬਾਅਦ ਉਹਨਾਂ ਦੀ ਨਾਰਾਜ਼ਗੀ ਮੇਰੇ ਪ੍ਰਤੀ ਹਮੇਸ਼ਾ ਲਈ ਖ਼ਤਮ ਹੋ ਗਈ। ਜਨਸੰਘ ਦੇ ਜ਼ਮਾਨੇ ਦੇ ਨਾਲ ਮੈਂ ਉਹਨਾਂ ਤੋਂ ਹਮੇਸ਼ਾ ਰਾਜਨੀਤੀ ਦਾ ਨਵਾਂ ਪਾਠ ਪੜ੍ਹਿਆ।

ਕਈ ਨੇਤਾ ਉਹਨਾਂ ਦੇ ਮੋਢਿਆਂ 'ਤੇ ਬੈਠ ਕੇ ਦਿੱਲੀ ਤਕ ਪਹੁੰਚ ਗਏ। ਲੇਕਿਨ ਨਹੀਂ ਬਦਲੀ ਤਾਂ ਉਹਨਾਂ ਦੀ ਰਾਜਨੀਤੀ ਦੀ ਪਰਿਭਾਸ਼ਾ। ਕੇਸ਼ੂਭਾਈ ਪਟੇਲ 'ਪ' ਅਤੇ ਕਸ਼ੱਤਰੀ ਮਤਲਬ 'ਖ' ਦਾ ਮੰਤਰ ਦੇ ਕੇ ਉਹਨਾਂ ਨੇ ਭਾਜਪਾ ਨੂੰ ਨਵਾਂ ਰੂਪ ਦਿੱਤਾ ਅਤੇ ਪਾਰਟੀ ਨੂੰ ਸੱਤਾ ਤਕ ਪਹੁੰਚਾਇਆ।

# ਅਫੀਮ ਸਮਗਲਿੰਗ ਵਿਚ ਸ਼ਿਵ ਸੈਨਾ ਨੇਤਾ ਰਾਜਿੰਦਰ ਰਾਜੂ ਸਪਲਾਇਰ ਨਾਲ ਗ੍ਰਿਫਤਾਰ

## ਪਾਣੀਪਤ ਦੇ ਰਹਿਣ ਵਾਲੇ ਆਜਾਦ ਤੋਂ ਮੰਗਵਾਉਂਦਾ ਸੀ ਅਫੀਮ, ਦੋਵੇਂ ਦੋਸ਼ੀਆਂ 'ਤੇ ਪਹਿਲਾਂ ਵੀ ਅਫੀਮ ਅਤੇ ਸ਼ਰਾਬ ਸਮਗਲਿੰਗ ਦੇ ਕੇਸ ਦਰਜ

**ਜਲੰਧਰ**—ਸੀ.ਆਈ.ਏ. ਸਟਾਫ ਨੇ ਸਿਟੀ ਵਿਚ ਵੱਡੇ ਪੱਧਰ 'ਤੇ ਅਫੀਮ ਦੀ ਸਪਲਾਈ ਦੇਣ ਵਾਲੇ ਸ਼ਿਵ ਸੈਨਾ ਸਮਾਜਵਾਦੀ ਦੇ ਜਨਰਲ ਸੈਕ੍ਰੇਟਰੀ ਰਜਿੰਦਰ ਕੁਮਾਰ ਰਾਜੂ ਅਤੇ ਪਾਣੀਪਤ ਤੋਂ ਉਸਨੂੰ ਸਪਲਾਈ ਦੇਣ ਵਾਲੇ ਸਪਲਾਇਰ ਨੂੰ ਗ੍ਰਿਫਤਾਰ ਕਰਕੇ ਅੱਧਾ ਕਿਲੋ ਅਫੀਮ ਬਰਾਮਦ ਕੀਤੀ ਹੈ। 44 ਸਾਲ ਦੇ ਸ਼ਿਵਾਜੀ ਨਗਰ, ਬਸਤੀ ਦਾਨਿਸ਼ਮੰਦਾ ਦੇ ਰਹਿਣ ਵਾਲੇ ਸ਼ਿਵ ਸੈਨਾ ਨੇਤਾ ਅਤੇ ਪ੍ਰੋਪਰਟੀ ਡੀਲਰ ਰਾਜੂ 'ਤੇ ਪਹਿਲਾਂ ਵੀ ਇਕ ਅਫੀਮ ਸਮੱਗਲਿੰਗ ਅਤੇ ਦੋ ਸ਼ਰਾਬ ਸਮੱਗਲਿੰਗ ਦੇ ਕੇਸ ਦਰਜ ਹਨ। ਥਾਣਾ ਨਈ ਬਾਰਾਦਰੀ ਵਿਚ ਐਨ.ਡੀ.ਪੀ.ਐਸ. ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ।

**ਦੋ ਵਾਰ ਹੋ ਚੁਕੀ ਹੈ ਜੇਲ੍ਹ, ਪੁਲਿਸ ਨੇ ਸ਼ਿਵ ਸੈਨਾ ਨੇਤਾ ਨੂੰ 2016 ਵਿਚ ਵੀ ਕੀਤਾ ਸੀ ਗ੍ਰਿਫਤਾਰ**

ਸੀ.ਆਈ.ਏ. ਸਟਾਫ ਦੇ ਇੰਚਾਰਜ ਹਰਮਿੰਦਰ ਸਿੰਘ ਸੈਨੀ ਟੀਮ ਦੇ ਨਾਲ ਮਾਸਟਰ ਤਾਰਾ ਸਿੰਘ ਨਗਰ ਵਿਚ ਟ੍ਰੈਪ ਲਗਾ ਕੇ ਐਕਟਿਵਾ 'ਤੇ ਆ ਰਹੇ ਰਾਜਿੰਦਰ ਕੁਮਾਰ ਰਾਜੂ ਨੂੰ ਫੜ ਲਿਆ। ਜਦੋਂ ਪੁਲਿਸ ਨੇ ਉਸ ਨੂੰ ਫੜਿਆ ਤਾਂ ਉਹ ਖੁਦ ਨੂੰ ਸ਼ਿਵ ਸੈਨਾ ਨੇਤਾ ਦੱਸ ਕੇ ਰੋਅਬ ਝਾੜਨ ਲੱਗਾ। ਪੁਲਿਸ ਨੇ ਤਲਾਸ਼ੀ ਲਈ ਤਾਂ ਉਸ ਤੋਂ 250 ਗ੍ਰਾਮ ਅਫੀਮ ਮਿਲੀ। ਰਾਜੂ ਨੇ ਮੰਨਿਆ ਕਿ ਉਸਨੂੰ ਪਾਣੀਪਤ ਦੇ ਪਿੰਡ ਦਹਾਰ ਦਾ ਰਹਿਣ ਵਾਲਾ ਆਜਾਦ ਸਿੰਘ ਸਪਲਾਈ ਦੇ ਕੇ ਜਾਂਦਾ ਹੈ। ਉਹ ਉਸੇ ਤੋਂ ਅਫੀਮ ਲੈ ਕੇ ਆਇਆ ਸੀ।

ਡੀ.ਸੀ.ਪੀ. ਨੇ ਕਿਹਾ ਕਿ ਟੀਮ ਨੇ ਲੰਮਾ ਪਿੰਡ ਚੌਂਕ ਦੇ ਕੋਲੋਂ ਕਾਰ ਵਿਚ ਜਾ ਰਹੇ ਆਜਾਦ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜੇ ਤੋਂ 250 ਗ੍ਰਾਮ ਅਫੀਮ ਬਰਾਮਦ ਕੀਤੀ। ਰਾਜੂ ਨੂੰ 16 ਜੂਨ 2016 ਵਿਚ ਵੀ ਥਾਣਾ ਨਈ ਬਾਰਾਦਰੀ ਦੀ ਪੁਲਿਸ ਨੇ ਅਫੀਮ ਸਮੱਗਲਿੰਗ ਵਿਚ ਫੜਿਆ ਸੀ। ਉਹ ਪਹਿਲਾਂ ਸ਼ਰਾਬ ਸਮੱਗਲਿੰਗ ਕਰਦਾ ਸੀ ਅਤੇ ਦੋ ਵਾਰ ਜੇਲ੍ਹ ਜਾ ਚੁੱਕਾ ਹੈ।

**ਡਿਲਵਰੀ ਤੋਂ ਪਹਿਲਾਂ ਫੜੇ ਗਏ ਤਿੰਨ ਸਮੱਗਲਰ, ਢਾਈ ਕਿਲੋ ਅਫੀਮ ਅਤੇ 80 ਹਜ਼ਾਰ ਦੀ ਡ੍ਰੱਗ ਮਨੀ ਬਰਾਮਦ**

ਸੀ.ਆਈ.ਏ. ਸਟਾਫ ਦੀ ਟੀਮ ਨੇ ਲਾਡੋਵਾਲੀ ਰੇਲਵੇ ਫਾਟਕ ਦੇ ਕੋਲ ਰੰਜੀਤ ਨਗਰ ਦੇ ਕੋਲੋਂ ਤਿੰਨ ਸਮੱਗਲਰ ਫੜ ਕੇ ਉਹਨਾਂ ਤੋਂ ਢਾਈ ਕਿਲੋ ਅਫੀਮ ਅਤੇ 80 ਹਜ਼ਾਰ ਰੁਪਏ ਦੀ ਡ੍ਰੱਗ ਮਨੀ ਬਰਾਮਦ ਕੀਤੀ ਹੈ।

ਪੁਲਿਸ ਨੇ ਲੁਧਿਆਣਾ ਦੇ ਸ਼ੇਰਪੁਰ ਦੇ ਰਹਿਣ ਵਾਲੇ ਸੱਤਪਾਲ, ਅਜੀਤ ਅਤੇ ਅਭੈ ਗੌਤਮ ਦੇ ਖਿਲਾਫ਼ ਐਨ.ਡੀ.ਪੀ.ਐਸ. ਐਕਟ ਦੀ ਧਾਰਾ-18 ਦੇ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਹੈ।

ਇਹ ਯੂ.ਪੀ. ਦੇ ਸ਼ਾਹਜਹਾਨਪੁਰ ਦੇ ਰਹਿਣ ਵਾਲੇ ਹਨ। ਉਹਨਾਂ ਨੇ ਕੁਝ ਟਾਈਮ ਤੋਂ ਅਫੀਮ ਦੀ ਸਮੱਗਲਿੰਗ ਸ਼ੁਰੂ ਕੀਤੀ ਸੀ।

# ਕੈਬਨਿਟ ਮੰਤਰੀ ਸੋਨੀ ਵਲੋਂ ਜਲੰਧਰ 'ਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਸ਼ੁਰੂਆਤ

ਜਲੰਧਰ—ਬੀਤੇ ਦਿਨੀ ਕੈਬਨਿਟ ਮੰਤਰੀ ਸ੍ਰੀ ਓ.ਪੀ. ਸੋਨੀ ਵਲੋਂ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਉਤਸਵ ਮੌਕੇ ਜਲੰਧਰ ਵਿਖੇ ਅਨੁਸੂਚਿਤ ਜਾਤੀ ਵਿਦਿਆਰਥੀਆਂ ਲਈ ਡਾ. ਬੀ.ਆਰ. ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਸ਼ੁਰੂਆਤ ਕੀਤੀ ਗਈ।

ਉਨ੍ਹਾਂ ਦੇ ਨਾਲ ਜਲੰਧਰ ਤੋਂ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ, ਵਿਧਾਇਕ ਪਰਗਟ ਸਿੰਘ, ਅਵਤਾਰ ਸਿੰਘ ਜੂਨੀਅਰ ਬਾਵਾ ਹੈਨਰੀ, ਰਾਜਿੰਦਰ ਬੇਰੀ, ਮੇਅਰ ਜਗਦੀਸ਼ ਰਾਜ ਰਾਜਾ, ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਵੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਰਵਾਏ ਗਏ ਵਰਚੂਅਲ ਸਮਾਗਮ ਦੌਰਾਨ ਮੌਜੂਦ ਸਨ। ਇਸ ਸਮਾਗਮ ਦੀ ਅਗਵਾਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੀ ਗਈ।

ਇਸ ਮੌਕੇ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ ਭਵਿੱਖ ਸੰਵਾਰਨ ਲਈ ਉਠਾਏ ਗਏ ਇਸ ਅਹਿਮ ਕਦਮ ਨੂੰ ਮੀਲ ਦਾ ਪੱਥਰ ਕਰਾਰ ਦਿੰਦਿਆਂ ਕੈਬਨਿਟ ਮੰਤਰੀ ਸ੍ਰੀ ਓ.ਪੀ. ਸੋਨੀ ਨੇ ਕਿਹਾ ਕਿ ਸਰਕਾਰ ਵਲੋਂ ਜ਼ਿਆਦਾ ਤੋਂ ਜ਼ਿਆਦਾ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ ਇਸ ਸਕੀਮ ਤਹਿਤ ਆਮਦਨ ਦਾ ਦਾਇਰਾ 4 ਲੱਖ ਰੁਪਏ ਤੱਕ ਕੀਤਾ ਗਿਆ ਹੈ ਜਦਕਿ ਕੇਂਦਰ ਸਰਕਾਰ ਦੀ ਪੁਰਾਣੀ ਸਕੀਮ ਵਿਚ ਇਹ ਸੀਮਾ ਢਾਈ ਲੱਖ ਰੁਪਏ ਸੀ।

ਉਨ੍ਹਾਂ ਕਿਹਾ ਕਿ ਇਹ ਸਕੀਮ ਵਿਦਿਅਕ ਸੈਸ਼ਨ ਕਾਲ 2021-22 ਤੋਂ ਲਾਗੂ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਸਕੀਮ ਅਨੁਸੂਚਿਤ ਜਾਤੀ ਵਿਦਿਆਰਥੀਆਂ ਜੋ ਕਿ ਪੰਜਾਬ (ਚੰਡੀਗੜ੍ਹ ਸਮੇਤ) ਦੇ ਰਹਿਣ ਵਾਲੇ ਹਨ ਅਤੇ ਜਿਨ੍ਹਾਂ ਨੇ ਆਪਣੀ ਦਸਵੀਂ ਦੀ ਪੜ੍ਹਾਈ ਪੰਜਾਬ ਤੋਂ ਕੀਤੀ ਹੈ ਲਈ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਕਰੀਬ 600 ਕਰੋੜ ਰੁਪਏ ਐਸ.ਸੀ. ਵਿਦਿਆਰਥੀਆਂ ਦੀ ਪੜ੍ਹਾਈ 'ਤੇ ਖ਼ਰਚ ਹੋਣਗੇ, ਜਿਸ ਵਿਚ 168 ਕਰੋੜ ਰੁਪਏ ਸਰਕਾਰੀ ਸਿੱਖਿਆ ਸੰਸਥਾਵਾਂ ਅਤੇ 432 ਕਰੋੜ ਰੁਪਏ ਨਿੱਜੀ ਸਿੱਖਿਆ ਸੰਸਥਾਵਾਂ ਵਲੋਂ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਤਹਿਤ 60 ਫੀਸਦੀ ਅਦਾਇਗੀ ਜੋ ਕਿ 260 ਕਰੋੜ ਰੁਪਏ ਬਣਦੀ ਹੈ ਪੰਜਾਬ ਸਰਕਾਰ ਵਲੋਂ ਅਦਾ ਕੀਤੀ ਜਾਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਵਲੋਂ ਮੌਕੇ 'ਤੇ ਹੀ ਪੰਜ ਵਿਦਿਆਰਥੀਆਂ ਈਸ਼ਾ, ਟਵਿੰਕਲ, ਸੁਨੈਨਾ ਕੌਲ, ਹਰਪ੍ਰੀਤ ਕੌਰ ਅਤੇ ਈਸ਼ਾ ਨੂੰ ਸਕੀਮ ਤਹਿਤ ਰਜਿਸਟਰੇਸ਼ਨ ਸਰਟੀਫਿਕੇਸ਼ਨ ਵੰਡੇ ਗਏ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੌਰ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਜ਼ਿਲ੍ਹਾ ਭਲਾਈ ਅਫ਼ਸਰ ਲਖਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਹਰਿੰਦਰਪਾਲ ਸਿੰਘ, ਕਾਂਗਰਸੀ ਆਗੂ ਅੰਗਦ ਦੱਤਾ ਅਤੇ ਹੋਰ ਵੀ ਮੌਜੂਦ ਸਨ।

# ਅਨੇਜਾ ਦੀ ਪੁਸਤਕ "ਤੇਰੇ ਰੰਗ ਨਿਆਰੇ" ਲੋਕ-ਅਰਪਣ

ਜਲੰਧਰ—ਪੰਜਾਬੀ ਬੋਲੀ ਨਾਲ ਅਥਾਹ ਪਿਆਰ ਕਰਨ ਵਾਲੇ ਮਾਸਟਰ ਮਹਿੰਦਰ ਸਿੰਘ ਅਨੇਜਾ ਦੀ ਪੁਸਤਕ "ਤੇਰੇ ਰੰਗ ਨਿਆਰੇ" (ਕਾਵਿ-ਸੰਗ੍ਰਹਿ) ਪਤਵੰਤੇ ਲੇਖਕਾਂ ਅਤੇ ਸੰਗਤ ਦੀ ਹਾਜ਼ਰੀ ਵਿਚ ਰਿਲੀਜ਼ ਕੀਤੀ ਗਈ। ਪੰਜਾਬੀ ਲਿਖਾਰੀ ਸਭਾ (ਰਜਿ.) ਵਲੋਂ ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਦੇ ਦੀਵਨ ਹਾਲ ਵਿਖੇ ਹੋਏ ਪ੍ਰਭਾਵਸ਼ਾਲੀ ਸਮਾਗਮ ਵਿਚ ਉੱਘੇ ਕਾਰੋਬਾਰੀ, ਸਮਾਜ ਸੇਵਕ ਅਤੇ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਦੇ ਚੇਅਰਮੈਨ ਸਰਦਾਰ ਗੁਰਕਿਰਪਾਲ ਸਿੰਘ ਨੇ ਆਪਣੇ ਕਰ-ਕਮਲਾਂ ਨਾਲ ਰਿਲੀਜ਼ ਕੀਤੀ। ਸਮਾਗਮ ਦੀ ਅਰੰਭਤਾ ਗਾਇਕ ਸਤਪਾਲ ਸਿੰਘ ਅਲੱਗ ਵਲੋਂ ਗਾਏ ਧਾਰਮਿਕ ਗੀਤ ਨਾਲ ਹੋਈ। ਉਪਰੰਤ ਹਰਭਜਨ ਸਿੰਘ ਨਾਹਲ, ਪ੍ਰੋਫ਼ੈਸਰ ਦਲਬੀਰ ਰਿਆੜ, ਗੁਰਦੀਪ ਸਿੰਘ ਉਜਾਲਾ, ਭਾਈ ਰਵੇਲ ਸਿੰਘ, ਬੱਚੀ ਸਿਦਕਪ੍ਰੀਤ ਕੌਰ ਪਰੀ ਅਤੇ ਅਨੇਜਾ ਜੀ ਨੇ ਆਪਣੀਆਂ ਰਚਨਾਵਾਂ ਸੰਗਤਾਂ ਦੇ ਰੂਬਰੂ ਕੀਤੀਆਂ।

ਪੰਜਾਬੀ ਲਿਖਾਰੀ ਸਭਾ ਦੀ ਨਵ-ਨਿਯੁਕਤ ਪ੍ਰਧਾਨ ਬੀਬੀ ਜਗਦੀਸ਼ ਕੌਰ ਵਾਡੀਆ ਨੇ ਅਨੇਜਾ ਦੀ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਨੇਜਾ ਪੰਜਾਬੀ ਬੋਲੀ ਅਤੇ ਸਾਹਿਤ ਦੀ ਸੇਵਾ ਬਿਨਾਂ ਕਿਸੇ ਨਿੱਜੀ ਹਿੱਤ ਤੋਂ ਅਤੇ ਪੂਰੇ ਲਗਨ ਨਾਲ ਕਰਦੇ ਹਨ ਅਤੇ ਜਿੰਨੀਆਂ ਵੀ ਕਵਿਤਾਵਾਂ ਲਿਖਦੇ ਹਨ ਉਹ ਬੜੀਆਂ ਸੌਖੀਆਂ, ਸਰਲ ਭਾਸ਼ਾ ਵਿਚ ਅਤੇ ਸਮਾਜ 'ਚ ਫੈਲੀਆਂ ਕੁਰੀਤੀਆਂ ਨੂੰ ਮੁੱਖ ਰੱਖਕੇ ਲਿਖਦੇ ਹਨ ਅਤੇ ਸਾਰੇ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਸਮਾਗਮ ਵਿਚ ਇੰਜੀਨੀਅਰ ਕਰਮਜੀਤ ਸਿੰਘ ਅਤੇ ਇਲਾਕੇ ਦੇ ਸਾਬਕਾ ਕੌਂਸਲਰ ਸ੍ਰ. ਮਨਜੀਤ ਸਿੰਘ ਟੀਟੂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਅਨੇਜਾ ਦੀ ਪੰਜਾਬੀ ਸਾਹਿਤ ਦੀ ਕੀਤੀ ਗਈ ਸੇਵਾ ਦੀ ਸ਼ਲਾਘਾ ਕੀਤੀ।

ਮੁੱਖ ਮਹਿਮਾਨ ਸ੍ਰ. ਗੁਰਕਿਰਪਾਲ ਸਿੰਘ ਨੇ ਪੁਸਤਕ ਰਿਲੀਜ਼ ਕਰਦਿਆਂ ਕਿਹਾ ਸਾਨੂੰ ਪੰਜਾਬੀ ਬੋਲੀ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀਆਂ ਸਰਕਾਰਾਂ ਸਮੇਂ-ਸਮੇਂ ਤੇ ਪੰਜਾਬੀ ਨਾਲ ਧੱਕਾ ਕਰਦੀਆਂ ਆਈਆਂ ਹਨ ਅਤੇ ਹਰ ਹੀਲੇ ਇਸ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਹੁਣ ਜੰਮੂ-ਕਸ਼ਮੀਰ ਵਿਚੋਂ ਕੇਂਦਰ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਖ਼ਤਮ ਕਰਨ ਲਈ ਕਾਨੂੰਨ ਤੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਪੰਜਾਬੀ ਲਿਖਾਰੀ ਸਭਾ ਵਰਗੀਆਂ ਹੋਰ ਸੰਸਥਾਵਾਂ ਬਣਨੀਆਂ ਚਾਹੀਦੀਆਂ ਹਨ ਅਤੇ ਪੰਜਾਬੀ ਬੋਲੀ ਪ੍ਰਤੀ ਸਾਰਥਿਕ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਆਉਣ ਵਾਲੀ ਪੀੜ੍ਹੀ ਪੰਜਾਬੀ ਅਤੇ ਗੁਰਬਾਣੀ ਨੂੰ ਪੜ੍ਹਨ ਅਤੇ ਸਮਝਣ ਦੇ ਕਾਬਲ ਹੋ ਸਕੇ।

ਅਖੀਰ ਵਿਚ ਪੰਜਾਬੀ ਲਿਖਾਰੀ ਸਭਾ ਦੇ ਬਾਨੀ ਅਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਪ੍ਰਧਾਨ ਸ੍ਰ. ਬੇਅੰਤ ਸਿੰਘ ਸਰਹੱਦੀ ਨੇ ਸੰਗਤਾਂ ਅਤੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਾ ਸਿਰਫ਼ ਲੇਖਕਾਂ ਅਤੇ ਪਾਠਕਾਂ ਨੂੰ ਬਲਕਿ ਪੰਜਾਬ ਵਿਚ ਪੈਦਾ ਹੋਏ ਹਰ ਵਿਅਕਤੀ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਵੱਧ ਤੋਂ ਵੱਧ ਯੋਗਦਾਨ ਦੇਣਾ ਚਾਹੀਦਾ ਹੈ। ਪੰਜਾਬੀ ਲਿਖਾਰੀ ਸਭਾ ਪਿਛਲੇ 50 ਸਾਲ ਤੋਂ ਲਗਾਤਾਰ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਸੰਘਰਸ਼ ਕਰ ਰਹੀ ਹੈ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਅਮਰਪ੍ਰੀਤ ਸਿੰਘ, ਪਰਮਜੀਤ ਸਿੰਘ ਨੈਨਾ, ਇੰਦਰਪਾਲ ਸਿੰਘ ਅਰੋੜਾ, ਚਰਨਜੀਤ ਸਿੰਘ ਲੁਬਾਣਾ, ਦਵਿੰਦਰ ਕੌਰ ਅਨੇਜਾ, ਰਜਿੰਦਰ ਕੌਰ, ਗੁਰਮਿੰਦਰ ਕੌਰ, ਪਰਮਜੀਤ ਕੌਰ, ਕਸ਼ਮੀਰ ਸਿੰਘ ਹੇਅਰ, ਜਗਤਾਰ ਸਿੰਘ ਬੈਂਕਰ, ਹਰਵਿੰਦਰ ਸਿੰਘ, ਜਤਿੰਦਰਪਾਲ ਸਿੰਘ ਖੁਰਾਣਾ, ਰਜਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਇਤ ਆਦਿ ਵਿਅਕਤੀ ਹਾਜ਼ਰ ਸਨ। ਸਟੇਜ ਦੀ ਸੇਵਾ ਗੁਰਮੀਤ ਸਿੰਘ ਨੇ ਨਿਭਾਈ। ਸਮਾਪਤੀ ਉਪਰੰਤ ਸਭ ਨੂੰ ਚਾਹ ਦਾ ਲੰਗਰ ਛਕਾਇਆ ਗਿਆ।

# ਗੁਰੂ ਅਮਰਦਾਸ ਜੀ ਦਾ ਇਨਕਲਾਬੀ ਕਦਮ

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾ ਦੀ ਇਕ ਆਦਰਸ਼ਕ ਮਿਸਾਲ ਸੰਸਾਰ ਵਾਸੀਆਂ ਸਾਹਮਣੇ ਰੱਖੀ। 60 ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆਏ ਤੇ 12 ਸਾਲ ਲਗਾਤਾਰ ਸੇਵਾ ਕੀਤੀ। 72 ਸਾਲ ਦੀ ਉਮਰ ਵਿਚ ਗੁਰੂ ਨਾਨਕ ਜੀ ਦੀ ਗੱਦੀ 'ਤੇ ਬਿਰਾਜਮਾਨ ਹੋਏ। ਬਾਦਸ਼ਾਹ ਅਕਬਰ ਆਪ ਦੇ ਦਰਬਾਰ ਦੀ ਹਾਜ਼ਰੀ ਭਰਨ ਆਇਆ। ਗੁਰੂ ਜੀ ਨੇ ਸੰਗਤ ਤੇ ਪੰਗਤ ਦੀ ਪ੍ਰਥਾ ਜਾਰੀ ਕੀਤੀ। ਗੁਰੂ ਕੇ ਲੰਗਰ ਵਿਚ ਰਾਜਾ ਤੇ ਰੰਕ, ਸ਼ੂਦਰ ਤੇ ਬ੍ਰਾਹਮਣ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ।

***ਨੋਟ—ਅੱਜ ਸਿਖ ਚਲਨ ਵਿਚ ਫਿਰ ਦੂਈ ਦਵੈਤ ਲੰਗਰ ਵਿਚ ਆ ਗਈ ਹੈ ਇਹ ਜਾਤ ਪਾਤ ਦੇ ਆਧਾਰ 'ਤੇ ਨਹੀਂ ਸਗੋਂ ਗੁਰੂ ਘਰਾਂ ਦੇ ਦੀਵਾਨਾਂ ਵਿਚ ਜਦ ਅਮੀਰ ਵਜ਼ੀਰ ਆਉਂਦੇ ਹਨ, ਉਨ੍ਹਾਂ ਨੂੰ ਪੰਗਤ ਵਿਚ ਬਿਠਾਣ ਦੀ ਥਾਂ ਵਖਰੇ ਦਫ਼ਤਰਾਂ ਆਦਿ ਵਿਚ ਕੁਰਸੀ ਮੇਜ਼ 'ਤੇ ਬਿਠਾ ਕੇ ਲੰਗਰ ਛਕਾਇਆ ਜਾਂਦਾ ਹੈ।***

ਦੇਸ਼ ਵਿਚ ਸਤੀ ਪ੍ਰਥਾ ਬੜੇ ਜ਼ੋਰਾਂ 'ਤੇ ਸੀ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਇਸਤਰੀ ਜਾਤੀ ਤੇ ਹੋ ਰਹੇ ਇਸ ਜ਼ੁਲਮੀ ਕਾਂਡ ਦਾ ਅੰਤ ਕੀਤਾ।

ਅਨੰਦ ਸਾਹਿਬ ਦੀ 40 ਪਉੜੀਆਂ 'ਤੇ ਆਧਾਰਤ ਬਾਣੀ, ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਇਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਸਿੱਖ ਦੇ ਰੋਜ਼ਾਨਾ ਨਿਤਨੇਮ ਵਿਚ ਵੀ ਅਨੰਦ ਸਾਹਿਬ ਦੀ ਬਾਣੀ ਪੜ੍ਹਨ ਦਾ ਹੁਕਮ ਹੈ। ਹਰ ਸਿੱਖ ਸਮਾਗਮ, ਅਨੰਦ ਕਾਰਜ, ਨਮਿਤ ਭੋਗ ਜਾਂ ਕੋਈ ਗੁਰਮਤਿ ਸਮਾਗਮ ਹੋਵੇ ਉਸਦੀ ਸਮਾਪਤੀ ਤੇ ਅਨੰਦ ਸਾਹਿਬ ਪੜ੍ਹਨਾ ਲਾਜ਼ਮੀ ਹੈ। ਅੰਮ੍ਰਿਤ ਸੰਚਾਰ ਤੇ ਰੋਜ਼ਾਨਾ ਨਿਤਨੇਮ ਤੋਂ ਇਲਾਵਾ ਬਾਕੀ ਸਭ ਸਮਾਗਮਾਂ ਵਿਚ 6 ਪਉੜੀਆਂ ਹੀ ਪੜ੍ਹੀਆਂ ਜਾਂਦੀਆਂ ਹਨ। ਗੁਰੂ ਅਮਰਦਾਸ ਜੀ ਨੇ ਮਾਨਵ ਸਮਾਜ ਲਈ ਇਕ ਇਨਕਲਾਬੀ ਕਦਮ ਚੁੱਕਿਆ ਕਿ ਆਪਣੀ ਪੁਤਰੀ ਭਾਨੀ ਦਾ ਰਿਸ਼ਤਾ ਭਾਈ ਜੇਠਾ (ਗੁਰੂ ਰਾਮਦਾਸ ਜੀ) ਨਾਲ ਕੀਤਾ। ਗੁਰੂ ਮਹਾਰਾਜ ਗੁਰੂ ਨਾਨਕ ਦੀ ਗੱਦੀ 'ਤੇ ਬਿਰਾਜਮਾਨ ਸਨ। ਹਿੰਦੂ, ਮੁਸਲਮਾਨ, ਸਿੱਖ ਸ਼ਰਧਾਲੂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਰੋਜ਼ ਹਾਜ਼ਰੀ ਭਰਦੀਆਂ। ਵਕਤ ਦਾ ਬਾਦਸ਼ਾਹ, ਮੁਗ਼ਲ ਸਮਰਾਟ ਅਕਬਰ ਵੀ ਆਪ ਦੀ ਹਾਜ਼ਰੀ ਭਰਦਾ ਸੀ। ਇਕ ਪਾਸੇ ਇਹ ਉੱਚੀ ਅਵਸਥਾ ਤੇ ਦੂਜੇ ਪਾਸੇ ਘੁੰਗਣੀਆਂ ਵੇਚਣ ਵਾਲੇ ਇਕ ਯਤੀਮ ਬਾਲਕ ਜੇਠਾ ਨੂੰ ਆਪਣਾ ਦਾਮਾਦ ਬਣਾਇਆ। ਗੁਰੂ ਸਾਹਿਬ ਦਾ ਸੰਦੇਸ਼ ਹੈ ਕਿ ਸਮਰਥ ਵਿਅਕਤੀ ਗ਼ਰੀਬ ਬੱਚਿਆਂ ਨੂੰ ਅਪਨਾਉਣ ਤਾਂ ਜੋ ਉਹ ਪਰਿਵਾਰ ਵੀ ਸਮਰੱਥ ਹੋ ਜਾਣ। ਅੱਜ ਤਾਂ ਲੜਕੇ ਲੜਕੀ ਦਾ ਰਿਸ਼ਤਾ ਕਰਨ ਲੱਗਿਆਂ ਆਪਣੀ ਹੈਸਤੀਅਤ ਤੋਂ ਉਪਰ ਅਮੀਰ ਘਰ ਲੱਭਿਆ ਜਾਂਦਾ ਹੈ। ਭਰਿਆ ਨੂੰ ਹੋਰ ਭਰਿਆ ਜਾਂਦਾ ਹੈ। ਅਮੀਰ ਲੜਕੀ ਵਾਲਾ ਪਰਿਵਾਰ ਗ਼ਰੀਬ ਸਿੱਖ ਲੜਕਾ ਲੱਭੇ ਤੇ ਅਮੀਰ ਲੜਕੇ ਵਾਲਾ ਪਰਿਵਾਰ ਗ਼ਰੀਬ ਸਿੱਖ ਪਰਿਵਾਰ ਨਾਲ ਨਾਤਾ ਗੰਢੇ। ਹਾਂ, ਮਾਇਆ ਦੀ ਥਾਂ ਗ਼ਰੀਬ ਪਰ ਚੰਗੇ ਚਰਿੱਤਰ ਵਾਲੇ, ਚੰਗੀ ਸੋਅ ਵਾਲੇ ਤੇ ਚੰਗੇ ਸੁਭਾਅ ਵਾਲੇ ਪਰਿਵਾਰ ਲੱਭੇ ਜਾਣ। ਜੇ ਇਸ ਤਰ੍ਹਾਂ ਅੱਜ ਦੇ ਸਿੱਖ ਅਮਲ ਕਰਨ ਤਾਂ ਅਨੇਕਾਂ ਗ਼ਰੀਬ ਪਰਿਵਾਰ ਖੁਸ਼ਹਾਲ ਹੋ ਸਕਦੇ ਹਨ। ਦੂਜੇ, ਗ਼ਰੀਬ ਪਰਿਵਾਰ ਹਮੇਸ਼ਾ ਆਪ ਦਾ ਰਿਣੀ ਵੀ ਰਹੇਗਾ। ਗੁਰੂ ਅਮਰਦਾਸ ਜੀ ਦਾ ਗੁਰਪੁਰਬ ਮਨਾਉਣ ਵਾਲੇ ਅਮੀਰ ਸਿੱਖ ਪਰਿਵਾਰਾਂ ਨੂੰ ਗੁਰੂ ਜੀ ਦੀ ਜੀਵਨ ਦੀ ਇਸ ਉਦਾਹਰਣ ਦੀ ਰੀਸ ਕਰਨੀ ਚਾਹੀਦੀ ਹੈ।

***—ਬੇਅੰਤ ਸਿੰਘ ਸਰਹੱਦੀ***


## ਮਿਲਕਫੂਡ ਲਿਮਟਿਡ

milkfood

ਸੀ ਆਈ ਐਨ : L15201PB1973PLC003746

ਰਜਿਸਟਰਡ ਦਫਤਰ : ਪੋਸਟ ਆਫਿਸ ਬਹਾਦੁਰਗੜ੍ਹ-147021

ਜ਼ਿਲ੍ਹਾ : ਪਟਿਆਲਾ (ਪੰਜਾਬ); ਫੋਨ : 0175-2381404, ਫੈਕਸ : 0175-2380248

E mail: milkfoodltd @milkfood ltd.com; Website : www.milkfoodltd.com

### ਸੂਚਨਾ

ਸੈਬੀ (ਲਿਸਟਿੰਗ ਉਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 29, ਜਿਹੜਾ ਰੈਗੂਲੇਸ਼ਨ 47 ਨਾਲ ਪੜ੍ਹਿਆ ਜਾਏ ਦੇ ਅਨੁਸਾਰ ਇਹ ਸੂਚਿਤ ਕੀਤਾ ਜਾਂਦਾ ਹੈ ਕਿ 30 ਸਤੰਬਰ, 2020 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਲਈ ਕੰਪਨੀ ਦੇ ਬਿਨਾ ਆਡਿਟ ਕੀਤੇ ਸਟੈਂਡਅਲੋਨ ਅਤੇ ਕਨਸੋਲੀਡੇਟਿਡ ਵਿੱਤੀ ਨਤੀਜੇ ਵਿਚਾਰਨ ਅਤੇ ਉਹਨਾਂ ਨੂੰ ਪ੍ਰਵਾਨ ਕਰਨ ਲਈ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਦੀ ਮੀਟਿੰਗ ਵੀਰਵਾਰ, 12 ਨਵੰਬਰ, 2020 ਨੂੰ ਨਵੀਂ ਦਿੱਲੀ ਵਿਖੇ ਹੋਵੇਗੀ।

ਇਹ ਸੂਚਨਾ ਕੰਪਨੀ ਦੀ ਵੈਬਸਾਈਟ viz.www.milkfoodltd.com ਅਤੇ ਸਟਾਕ ਐਕਸਚੇਂਜ ਜਿਥੇ ਕੰਪਨੀ ਦੇ ਸ਼ੇਅਰਜ਼ ਲਿਸਟਿਡ ਹਨ ਦੀ ਵੈਬਸਾਈਟ viz.www.bseindia.com ਤੇ ਵੀ ਉਪਲਬਧ ਹੈ।

ਵਾਸਤੇ ਮਿਲਕਫੂਡ ਲਿਮਟਿਡ
ਸਹੀ/-
(ਰਾਕੇਸ਼ ਕੁਮਾਰ ਠਾਕੁਰ)
ਕੰਪਨੀ ਸੈਕਰੇਟਰੀ

ਮਿਤੀ : 03 ਨਵੰਬਰ, 2020


## ਕਮਿਊਨਿਸਟ ਇਨਕਲਾਬ ਦੀ 103ਵੀਂ ਵਰੇ ਗੰਢ 7 ਨੂੰ ਮਨਾਈ ਜਾਵੇਗੀ

ਜਲੰਧਰ : ਸੀ.ਪੀ.ਆਈ. (ਐਮ.) ਜ਼ਿਲਾ ਜਲੰਧਰ - ਕਪੂਰਥਲਾ ਦੇ ਸਕੱਤਰ ਕਾਮਰੇਡ ਲਹਿੰਬਰ ਸਿੰਘ ਤੱਗੜ ਵਲੋਂ ਜਾਰੀ ਇੱਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੱਤੀ ਗਈ ਕਿ ਪਾਰਟੀ ਵਲੋਂ 7 ਨਵੰਬਰ ਨੂੰ ਸੰਸਾਰ ਦੇ ਪਹਿਲੇ ਕਮਿਊਨਿਸਟ ਇਨਕਲਾਬ (ਮਹਾਨ ਅਕਤੂਬਰ ਇਨਕਲਾਬ) ਦੀ 103ਵੀਂ ਵਰੇਗੰਢ ਪਾਰਟੀ ਦੇ ਜ਼ਿਲਾ ਹੈੱਡ ਕੁਆਰਟਰ ਭਾਈ ਰਤਨ ਸਿੰਘ ਯਾਦਗਾਰੀ ਟਰੱਸਟ ਬਿਲਡਿੰਗ (ਜਲੰਧਰ ਸ਼ਹਿਰ) ਵਿਖੇ ਪੂਰੇ ਇਨਕਲਾਬੀ ਜੋਸ਼ੋ ਖਰੋਸ਼ੋ ਨਾਲ ਮਨਾਈ ਜਾ ਰਹੀ ਹੈ।

ਇਸ ਮੌਕੇ ਤੇ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਅਤੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਗੁਰਚੇਤਨ ਸਿੰਘ ਬਾਸੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ ਅਤੇ ਆਪਣੇ ਵਿਚਾਰ ਰੱਖਣਗੇ।

# ਸਰੀਰ ਦੀ ਰੋਗ-ਪ੍ਰਤੀਰੋਧਕਤਾ (ਇਮਿਊਨਿਟੀ) ਬਾਰੇ ਬੀਮਾਰੀਆਂ ਨੂੰ ਰੋਕਣ ਬਾਰੇ ਮਨੁੱਖੀ ਸਰੀਰ ਅੰਦਰ ਮੌਜੂਦ ਪ੍ਰਣਾਲੀ ਨੂੰ ਜਾਣੀਏ

***—ਡਾ. ਹਰਸ਼ਿੰਦਰ ਕੌਰ***

ਮਨੁੱਖੀ ਸਰੀਰ ਅੰਦਰ ਕੁਦਰਤੀ ਇਮਿਊਨ ਸਿਸਟ ਫਿਟ ਹੋਇਆ ਪਿਆ ਹੈ ਜਿਸ ਦਾ ਕੰਮ ਹੈ ਬੀਮਾਰੀਆਂ ਤੋਂ ਬਚਾਉਣਾ। ਇਕ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਇਹ ਇਕ ਪੂਰਾ 'ਸਿਸਟਮ' ਹੈ ਨਾ ਕਿ ਇਕ ਸੈੱਲ।

ਜਿਵੇਂ ਬੈਂਕ ਜਾ ਕੇ ਬਾਹਰ ਖੜ੍ਹੇ ਸਕਿਓਰਿਟੀ ਗਾਰਡ ਕੋਲੋਂ ਪੈਸੇ ਲੈ ਕੇ ਵਾਪਸ ਨਹੀਂ ਮੁੜਿਆ ਜਾ ਸਕਦਾ ਤੇ ਇਕ ਸਿਸਟਮ ਅਧੀਨ ਚੈੱਕ ਦੇ ਕੇ ਪੈਸੇ ਕੱਢਵਾਏ ਜਾ ਸਕਦੇ ਹਨ, ਉਸੇ ਤਰ੍ਹਾਂ ਜਦੋਂ ਕੋਈ ਵਾਇਰਸ, ਬੈਕਟੀਰੀਆ ਜਾਂ ਹੋਰ ਕੀਟਾਣੂ ਸਰੀਰ ਅੰਦਰ ਵੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਇਕ ਸਿਸਟਮ ਰਾਹੀਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਰੀਰ ਦੇ ਵੱਖੋ-ਵੱਖ ਹਿੱਸਿਆਂ ਵਿਚ ਜੜੇ ਯੰਤਰ, ਇਹ ਫੈਸਲਾ ਲੈਂਦੇ ਹਨ ਕਿ ਇਹ ਕੀਟਾਣੂ ਸਰੀਰ ਲਈ ਠੀਕ ਹਨ ਜਾਂ ਨਹੀਂ। ਫੇਰ ਉਨ੍ਹਾਂ ਨੂੰ ਉੱਥੋਂ ਹੀ ਨਿੱਛ ਰਾਹੀਂ ਜਾਂ ਖੰਘ ਰਾਹੀਂ ਬਾਹਰ ਕੱਢਣ ਜਾਂ ਸਰੀਰ ਦੇ ਲਿੰਫੈਟਿਕ ਸਿਸਟਮ (ਹੱਡੀਆਂ ਦਾ ਮਾਦਾ, ਤਿਲੀ, ਥਾਈਮਸ, ਲਿੰਫ ਨੋਡ-ਗਿਲਟੀਆਂ) ਰਾਹੀਂ ਤਿਆਰ ਕੀਤੇ ਸੈੱਲਾਂ ਨਾਲ ਮਾਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਹੱਡੀਆਂ ਦੇ ਮਾਦੇ ਵਿਚੋਂ ਚਿੱਟੇ ਸੈੱਲ ਤਿਆਰ ਹੁੰਦੇ ਹਨ ਜਿਨ੍ਹਾਂ ਦਾ ਕੰਮ ਕੀਟਾਣੂਆਂ ਨਾਲ ਲੜਨਾ ਹੈ। ਤਿਲੀ ਵੀ ਕੀਟਾਣੂ ਮਾਰਦੀ ਹੈ। ਥਾਈਮਸ ਵਿਚ ਟੀ-ਸੈੱਲ ਬਣਦੇ ਹਨ ਜੋ ਕੀਟਾਣੂ ਲੱਦੇ ਸੈੱਲਾਂ ਨੂੰ ਮਾਰਦੇ ਹਨ ਤੇ ਜਮ੍ਹਾਂ ਵੀ ਹੁੰਦੇ ਰਹਿੰਦੇ ਹਨ। ਬੀ-ਸੈੱਲ ਐਂਟੀਬਾਡੀ ਤਿਆਰ ਕਰਦੇ ਹਨ ਅਤੇ ਕੀਟਾਣੂਆਂ ਉੱਤੇ ਹਮਲਾ ਬੋਲਦੇ ਹਨ। ਟੀ-ਸੈੱਲ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।

ਹਰ ਸਰੀਰ ਅੰਦਰ ਵੜੇ ਮਾੜੇ ਕੀਟਾਣੂ ਨੂੰ ਸਮਝ ਕੇ, ਉਸ ਹਿਸਾਬ ਦੇ ਫੌਜੀ ਸੈੱਲ ਤਿਆਰ ਕਰ ਕੇ ਉਨ੍ਹਾਂ ਨੂੰ ਮਾਰਨ ਅਤੇ ਅੱਗੇ ਤੋਂ ਵੜਨ ਤੋਂ ਵੀ ਰੋਕਣ ਲਈ ਪੂਰਾ ਸਿਸਟਮ ਮਿਲ-ਜੁਲ ਕੇ ਕੰਮ ਕਰਦਾ ਹੈ। ਜੇ ਕੀਟਾਣੂ ਲੋੜੋਂ ਵੱਧ ਹੋਣ ਅਤੇ ਸਰੀਰ ਦਾ ਸਿਸਟਮ ਪਹਿਲਾਂ ਤਿਆਰ ਨਾ ਹੋਵੇ ਤਾਂ ਬੀਮਾਰੀ ਹੋ ਜਾਂਦੀ ਹੈ।

ਇਮਿਊਨ ਸਿਸਟਮ ਕਿਵੇਂ ਕੰਮ ਕਰਦਾ ਹੈ :

ਜਿਵੇਂ ਹੀ ਬੈਕਟੀਰੀਆ, ਵਾਇਰਸ, ਉੱਲੀ, ਕੈਂਸਰ ਸੈੱਲ ਆਦਿ ਦੇ ਬਾਹਰਵਾਰ ਲੱਗੇ ਪ੍ਰੋਟੀਨ ਘੁੰਮਦੇ ਫਿਰਦੇ ਜਾਂ ਟਿਕੇ ਹੋਏ ਇਮਿਊਨ ਸੈੱਲਾਂ ਨਾਲ ਜੁੜਦੇ ਹਨ ਤਾਂ ਝਟਪਟ ਅੱਗੇ ਇਸ ਕੀਟਾਣੂ ਬਾਰੇ ਜਾਣਕਾਰੀ ਭੇਜ ਦਿੱਤੀ ਜਾਂਦੀ ਹੈ।

ਜੇ ਕੀਟਾਣੂ ਪਹਿਲੀ ਵਾਰ ਸਰੀਰ ਅੰਦਰ ਵੜਿਆ ਹੋਵੇ ਤਾਂ ਉਸ ਬਾਰੇ ਪਹਿਲਾਂ ਸਾਰੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਕਿ ਕਿਵੇਂ ਮਾਰਨਾ ਹੈ ਜਾਂ ਕਾਬੂ ਕਰਨਾ ਹੈ। ਜੇ ਦੂਜੀ ਵਾਰ ਵੜਿਆ ਹੋਵੇ ਤਾਂ ਪਹਿਲਾਂ ਦੇ ਤਿਆਰ ਹੋਏ ਫੌਜੀ ਸੈੱਲ ਝਟਪਟ ਕੀਟਾਣੂ ਨੂੰ ਮਾਰ ਮੁਕਾਉਂਦੇ ਹਨ।

ਕਦੇ ਕਦਾਈਂ ਸਰੀਰ ਦੇ ਫੌਜੀ ਸੈੱਲ ਆਪਣੇ ਹੀ ਸੈੱਲਾਂ ਉੱਪਰਲੀ ਪ੍ਰੋਟੀਨ ਉੱਤੇ ਹੱਲਾ ਬੋਲ ਦਿੰਦੇ ਹਨ। ਇਸ ਨੂੰ 'ਆਟੋ ਇਮਿਊਨ ਰਿਸਪੌਂਸ' ਕਹਿੰਦੇ ਹਨ।

ਦੋ ਵੱਖੋ-ਵੱਖਰੇ ਇਮਿਊਨ ਸਿਸਟਮ, ਯਾਨੀ 'ਇੰਨੇਟ' ਤੇ 'ਅਡੈਪਟਿਵ' ਰਲ ਮਿਲ ਕੇ ਸਰੀਰ ਅੰਦਰ ਕੰਮ ਕਰਦੇ ਹਨ। ਇੰਨੇਟ ਦਾ ਕੰਮ ਹੁੰਦਾ ਹੈ ਹਰ ਕਿਸਮ ਦੇ ਮਾੜੇ ਕੀਟਾਣੂਆਂ ਨੂੰ ਮਾਰ ਮੁਕਾਉਣਾ। ਇਸ ਵਾਸਤੇ ਕੁਦਰਤੀ ਕਿੱਲਰ ਸੈੱਲ ਤੇ ਫੇਗੋਸਾਈਟ ਕੰਮ ਉੱਤੇ ਲੱਗ ਜਾਂਦੇ ਹਨ। ਆਮ ਤੌਰ ਉੱਤੇ ਚਮੜੀ ਤੇ ਮੂੰਹ ਰਾਹੀਂ ਢਿੱਡ ਅੰਦਰ ਪਹੁੰਚਦੇ ਕੀਟਾਣੂਆਂ ਉੱਤੇ ਇਹ ਹਮਲਾ ਬੋਲਦੇ ਹਨ।

ਅਡੈਪਟਿਵ ਦਾ ਕੰਮ ਹੁੰਦਾ ਹੈ ਐਂਟੀਬਾਡੀਜ਼ ਬਣਾਉਣੀਆਂ ਤੇ ਇਕ ਖ਼ਾਸ ਕਿਸਮ ਦੇ ਕੀਟਾਣੂ ਮਾਰ ਮੁਕਾਉਣੇ ਜੋ ਪਹਿਲਾਂ ਬੀਮਾਰੀ ਕਰ ਚੁੱਕੇ ਹੋਣ। ਇਹ ਪਹਿਲੇ ਹੱਲੇ ਉੱਤੇ ਨਹੀਂ ਬਲਕਿ ਕੀਟਾਣੂਆਂ ਦੇ ਦੂਜੇ ਹੱਲੇ ਉੱਤੇ ਕੰਮ ਸ਼ੁਰੂ ਕਰਦੇ ਹਨ।

ਅਡੈਪਟਿਵ ਇਮਿਊਨ ਸਿਸਟਮ ਕੁਦਰਤੀ ਤੌਰ ਉੱਤੇ ਏਨਾ ਤਗੜਾ ਹੁੰਦਾ ਹੈ ਕਿ ਜੇ ਕੀਟਾਣੂ ਥੋੜੀ ਬਹੁਤ ਸ਼ਕਲ ਬਦਲ ਕੇ ਦੁਬਾਰਾ ਸਰੀਰ ਅੰਦਰ ਵੜਨ ਦੀ ਕੋਸ਼ਿਸ਼ ਕਰਨ, ਤਾਂ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ। ਬੀ ਲਿੰਫੋਸਾਈਟ ਐਂਡੀਬਾਡੀ ਤਿਆਰ ਕਰਦੇ ਹਨ ਜਿਸ ਵਿਚ ਕਾਫੀ ਸਮਾਂ ਲੱਗਦਾ ਹੈ। ਜਦੋਂ ਬੱਚੇ ਦਾ ਟੀਕਾਕਰਨ ਕੀਤਾ ਜਾਂਦਾ ਹੈ ਤਾਂ ਇਹੋ ਸਿਸਟਮ ਬੀਮਾਰੀਆਂ ਨਾਲ ਲੜਨ ਦੀ ਤਾਕਤ ਬਖਸ਼ਦਾ ਹੈ।

ਨੱਕ ਪਿੱਛਲੇ ਐਡੀਨਾਈਂਡਲ ਗ੍ਰੰਥੀਆਂ, ਹੱਡੀਆਂ ਦਾ ਮਾਦਾ, ਗਿਲਟੀਆਂ (ਲਿੰਫ ਨੋਡ), ਲਿੰਫੈਨਿਕ ਨਸਾਂ, ਅੰਤੜੀਆਂ ਵਿਚਲੇ ਪਾਇਰ ਪੈਚ, ਤਿਲੀ, ਟੌਂਸਿਲ, ਥਾਈਮਸ (ਛਾਤੀ ਵਿਚਲਾ ਗਲੈਂਡ) ਆਦਿ ਸਭ ਸਰੀਰ ਦੇ ਇਮਿਊਨ ਸਿਸਟਮ ਦਾ ਹੀ ਹਿੱਸਾ ਹਨ।

ਐਂਟੀਬਾਇਓਟਿਕ ਦਵਾਈਆਂ ਕਿਵੇਂ ਅਸਰ ਕਰਦੀਆਂ ਹਨ—

ਜਦੋਂ ਕਿਸੇ ਨੂੰ ਐਂਟੀਬਾਇਓਟਿਕ ਦਵਾਈਆਂ ਖਾਣ ਲਈ ਦਿੱਤੀਆਂ ਜਾਂਦੀਆਂ ਹਨ ਤਾਂ ਇਹ ਸਰੀਰ ਅੰਦਰ ਵੜੇ ਬੈਕਟੀਰੀਆ ਕੀਟਾਣੂ ਮਾਰ ਸਕਦੀਆਂ ਹਨ ਪਰ ਵਾਇਰਸ ਜਾਂ ਉੱਲੀ ਨਹੀਂ। ਜੇ ਬੇਲੋੜੀਆਂ ਐਂਟੀਬਾਇਓਟਿਕ ਦਵਾਈਆਂ ਖਾਧੀਆਂ ਜਾਣ ਤਾਂ ਉਹ ਕਿਸੇ ਬੈਕਟੀਰੀਆ ਨੂੰ ਮਾਰ ਹੀ ਨਹੀਂ ਸਕਦੀਆਂ ਪਰ ਸਰੀਰ ਉਨ੍ਹਾਂ ਵਿਰੁੱਧ ਆਪਣੇ ਐਂਟੀਬਾਡੀ ਸੈੱਲ ਬਣਾ ਲੈਂਦਾ ਹੈ ਜਿਸ ਕਰ ਕੇ ਦੁਬਾਰਾ ਲੋੜ ਪੈਣ ਉੱਤੇ ਇਹ ਦਵਾਈਆਂ ਬੇਅਸਰ ਹੋ ਜਾਂਦੀਆਂ ਹਨ। ਜੇ ਗ਼ਲਤ ਦਵਾਈ ਦੇ ਦਿੱਤੀ ਜਾਵੇ ਤਾਂ ਬੈਕਟੀਰੀਆ ਕੀਟਾਣੂ ਜ਼ਿਆਦਾ ਜ਼ਹਿਰੀ ਹੋ ਜਾਂਦੇ ਹਨ ਅਤੇ ਦਵਾਈ ਉਨ੍ਹਾਂ ਉੱਤੇ ਅਸਰ ਕਰਦੀ ਹੀ ਨਹੀਂ।

ਜੇ ਅਸਰ ਕਰਦੀ ਦਵਾਈ ਪੂਰੇ ਸਮੇਂ ਲਈ ਨਾ ਖਾਧੀ ਜਾਵੇ ਤਾਂ ਵੀ ਬੈਕਟੀਰੀਆ ਕੀਟਾਣੂ ਦੁਬਾਰਾ ਵਧ ਕੇ ਤਗੜਾ ਹੱਲਾ ਕਰ ਦਿੰਦੇ ਹਨ ਜਿੱਥੇ ਉਹ ਦਵਾਈ ਬੇਅਸਰ ਸਾਬਤ ਹੋ ਜਾਂਦੀ ਹੈ। ਇੰਜ ਹੀ ਜੇ ਲੋੜੋਂ ਵੱਧ ਸਮੇਂ ਤੱਕ ਦਵਾਈ ਖਾਧੀ ਜਾਵੇ, ਤਾਂ ਵੀ ਇਹੋ ਕੁਝ ਹੁੰਦਾ ਹੈ।

ਕੀ ਇਮਿਊਨਿਟੀ ਵੱਧ ਸਕਦੀ ਹੈ?

ਅੱਜ ਤਕ ਸਰੀਰ ਅੰਦਰਲੇ ਇਮਿਊਨਿਟੀ ਸਿਸਟਮ ਦੇ ਜਾਲ ਅਤੇ ਉਸ ਦੇ ਕੰਮ ਕਰਨ ਦੇ ਢੰਗ ਬਾਰੇ ਪੂਰੀ ਜਾਣਕਾਰੀ ਨਹੀਂ ਮਿਲ ਸਕੀ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਇਕੋ ਵੇਲੇ ਇਸ ਸਿਸਟਮ ਦਾ ਕਿੰਨਾ ਹਿੱਸਾ ਹਰਕਤ ਵਿਚ ਆਇਆ ਹੈ ਤੇ ਕਿੰਨੀ ਦੇਰ ਰਹੇਗਾ।

ਜੇ ਇਮਿਊਨ ਸਿਸਟਮ ਲੋੜੋਂ ਵੱਧ ਹਰਕਤ ਵਿਚ ਆ ਜਾਵੇ ਤਾਂ ਆਪਣੇ ਹੀ ਸਰੀਰ ਦੇ ਸੈੱਲਾਂ ਨੂੰ ਖਾਣ ਲੱਗ ਪੈਂਦਾ ਹੈ। ਇਸ ਦੇ ਨਤੀਜੇ ਵਜੋਂ ਕਈ ਭਿਆਨਕ ਬੀਮਾਰੀਆਂ ਸ਼ੁਰੂ ਹੋ ਸਕਦੀਆਂ ਹਨ ਜਿਨ੍ਹਾਂ ਲਈ ਪੂਰੀ ਉਮਰ ਦਵਾਈ ਖਾਣੀ ਪੈ ਸਕਦੀ ਹੈ, ਜਿਵੇਂ ਸ਼ੱਕਰ ਰੋਗ, ਰਿਊਮੈਟਾਇਡ ਆਰਥਰਾਈਟਿਸ, ਲਿਊਪਸ ਆਦਿ। ਸਦੀਆਂ ਤੋਂ ਖੋਜੀ ਡਾਕਟਰ ਇਸ ਬਾਰੇ ਕਿਆਸ ਲਾ ਰਹੇ ਹਨ ਕਿ ਸ਼ਾਇਦ ਕੋਈ ਖ਼ੁਰਾਕ, ਕਿਸੇ ਤਰ੍ਹਾਂ ਦੀ ਇਨਫੈਕਸ਼ਨ ਜਾਂ ਕਿਸੇ ਕਿਸਮ ਦੇ ਪਾਣੀ ਜਾਂ ਹਵਾ ਵਿਚਲੇ ਮਾੜੇ ਤੱਤ ਆਦਿ ਦੇ ਕਾਰਨ ਹੋਣਗੇ। ਪਰ ਹਾਲੇ ਤਕ ਇਕ ਵੀ ਕਿਆਸ ਸਾਬਤ ਨਹੀਂ ਹੋ ਸਕਿਆ। ਹੋ ਸਕਦਾ ਹੈ ਕਿ ਇਨ੍ਹਾਂ ਤੋਂ ਇਲਾਵਾ ਕੋਈ ਹੋਰ ਕਾਰਨ ਹੋਵੇ ਜਾਂ ਸਾਰੇ ਕਾਰਨ ਇਕੱਠੇ ਅਸਰ ਕਰਦੇ ਹੋਣ।

ਕੀ ਲੋੜੋਂ ਵੱਧ ਵਿਟਾਮਿਨ ਜਾਂ ਮਿਨਰਲ ਤੱਤ ਇਮਿਊਨ ਸਿਸਟਮ ਦਾ ਕੰਮ ਵਧਾ ਸਕਦੇ ਹਨ?

ਹਾਲੇ ਤਕ ਦੀ ਇਕ ਵੀ ਖੋਜ ਅਜਿਹਾ ਸਾਬਤ ਨਹੀਂ ਕਰ ਸਕੀ ਕਿ ਕਿਸੇ ਤਰ੍ਹਾਂ ਦੇ ਵਿਟਾਮਿਨ ਜਾਂ ਮਿਨਰਲ ਤੱਤ ਇਮਿਊਨਿਟੀ ਵਧਾ ਸਕੇ ਹੋਣ। ਸਿਰਫ਼ ਉਨ੍ਹਾਂ ਲੋਕਾਂ ਵਿਚ, ਜਿਨ੍ਹਾਂ ਵਿਚ ਲਹੂ ਦੀ ਕਮੀ ਜਾਂ ਮਿਨਰਲ ਤੱਤਾਂ ਦੀ ਕਮੀ ਹੋ ਚੁੱਕੀ ਹੋਵੇ, ਉਸ ਕਮੀ ਨੂੰ ਠੀਕ ਕਰਨ ਬਾਅਦ ਜ਼ਰੂਰ ਬੀਮਾਰੀ ਨਾਲ ਲੜਨ ਦੀ ਤਾਕਤ ਵਿਚ ਕੁਝ ਵਾਧਾ ਵੇਖਿਆ ਗਿਆ ਹੈ।

ਸੋਚਣ ਦੀ ਗੱਲ ਇਹ ਹੈ ਕਿ ਜੇ ਅਸੀਂ ਹਾਲੇ ਤਕ ਕੁਦਰਤ ਵੱਲੋਂ ਬਖ਼ਸ਼ੇ ਇਮਿਊਨ ਸਿਸਟਮ ਦੀਆਂ ਬਰੀਕੀਆਂ ਬਾਰੇ ਹੀ ਨਹੀਂ ਸਮਝ ਸਕੇ ਤਾਂ ਉਸ ਦੇ ਕੰਮ ਕਾਰ ਨੂੰ ਵਧਾ ਜਾਂ ਘਟਾ ਕਿਵੇਂ ਸਕਦੇ ਹਾਂ?

ਕੀ ਟੀਕਾਕਰਨ ਨੁਕਸਾਨ ਕਰ ਸਕਦਾ ਹੈ?

ਕਾਰ ਚਲਾਉਣ ਵਾਲਿਆਂ ਵਿਚ ਵੀ ਹਰ 6700 ਪਿੱਛੇ ਇਕ ਮੌਤ ਹੋਣੀ ਆਮ ਗੱਲ ਮੰਨੀ ਜਾਂਦੀ ਹੈ। ਨਹਾਉਣ ਲੱਗਿਆਂ ਬਾਥ ਟੱਬ ਵਿਚ ਵੀ 4 ਲੱਖ 40 ਹਜ਼ਾਰ ਪਿੱਛੇ ਇਕ ਮੌਤ ਹੋ ਰਹੀ ਹੈ। ਕਿਸੇ ਕਿਸਮ ਦੇ ਟੀਕਾਕਰਨ ਵਿਚ 10 ਲੱਖ ਪਿੱਛੇ ਇਕ ਨੂੰ ਜ਼ਰੂਰ ਥੋੜਾ ਬਹੁਤ ਰਿਐਕਸ਼ਨ ਵੇਖਣ ਵਿਚ ਆਉਂਦਾ ਹੈ। ਸੋਚਣ ਦੀ ਗੱਲ ਇਹ ਵੀ ਹੈ ਕਿ ਜੇ ਮੌਤਾਂ ਦੇ ਬਾਅਦ ਵੀ ਕਾਰ ਚਲਾਉਣੀ ਜਾਂ ਨਹਾਉਣਾ ਨਹੀਂ ਛੱਡਿਆ ਗਿਆ ਤਾਂ ਟੀਕਾਕਰਨ ਲਈ ਸ਼ੋਰ ਕਿਉਂ?

ਕੀ ਇਮਿਊਨ ਸਿਸਟਮ ਤਗੜਾ ਕੀਤਾ ਜਾ ਸਕਦਾ ਹੈ?

ਸਭ ਤੋਂ ਜ਼ਰੂਰੀ ਨੁਕਤਾ ਇਹ ਹੈ ਕਿ ਇਮਿਊਨ ਸਿਸਟਮ ਨੂੰ ਆਪਣਾ ਕੰਮ-ਕਾਰ ਕਰਨ ਦਿੱਤਾ ਜਾਵੇ ਤੇ ਉਸ ਵਿਚ ਕੋਈ ਰੋਕ ਜਾਂ ਅੜਚਨ ਨਾ ਪਾਈ ਜਾਵੇ।

ਜੇ ਮਦਦ ਕੀਤੀ ਜਾ ਸਕਦੀ ਹੈ ਤਾਂ ਕੀਟਾਣੂਆਂ ਦੇ ਹਮਲੇ ਨੂੰ ਘਟਾ ਕੇ ਕੀਤੀ ਜਾ ਸਕਦੀ ਹੈ। ਮਿਸਾਲ ਵਜੋਂ, ਹੱਥ ਸਾਫ਼ ਰੱਖੇ ਜਾਣ। ਜੇ ਲੋੜੋਂ ਵੱਧ ਸੈਨੇਟਾਈਜ਼ਰ ਵਰਤੇ ਜਾਣ ਤਾਂ ਚਮੜੀ ਉੱਤੇ ਪਏ ਚੰਗੇ ਬੈਕਟੀਰੀਆ ਖ਼ਤਮ ਹੋ ਜਾਣਗੇ, ਜੋ ਇਮਿਊਨ ਸਿਸਟਮ ਦੀ ਮਦਦ ਕਰਨ ਲਈ ਬੈਠੇ ਹੁੰਦੇ ਹਨ। ਇਨ੍ਹਾਂ ਦਾ ਕੰਮ ਹੁੰਦਾ ਹੈ ਮਾੜੇ ਬੈਕਟੀਰੀਆ ਨੂੰ ਚਮੜੀ ਰਾਹੀਂ ਸਰੀਰ ਅੰਦਰ ਵੜਨ ਹੀ ਨਾ ਦਿੱਤਾ ਜਾਵੇ। ਇੰਜ ਇਮਿਊਨ ਸਿਸਟਮ ਦੀ ਆਪੇ ਹੀ ਕੁਦਰਤੀ ਤੌਰ ਉੱਤੇ ਮਦਦ ਹੋ ਜਾਂਦੀ ਹੈ।

1. ਸਾਬਣ ਨਾਲ ਜਾਂ ਸਾਫ਼ ਪਾਣੀ ਨਾਲ ਦਿਨ ਵਿਚ ਕਈ ਵਾਰ ਹੱਥ ਧੋਣ ਨਾਲ ਵੀ ਕਈ ਚੰਗੇ ਬੈਕਟੀਰੀਆ ਚਿਪਕੇ ਰਹਿੰਦੇ ਹਨ। ਜੇ ਇਹ ਨਾ ਰਹਿਣ ਤਾਂ ਮਾੜੇ ਬੈਕਟੀਰੀਆ ਵੱਡੀ ਗਿਣਤੀ ਵਿਚ ਸਰੀਰ ਉੱਤੇ ਹੱਲਾ ਬੋਲ ਸਕਦੇ ਹਨ ਜਿਨ੍ਹਾਂ ਲਈ ਸਰੀਰ ਦੇ ਸੈੱਲ ਤਿਆਰ ਨਹੀਂ ਹੁੰਦੇ।

2. ਖਾਣਾ ਚੰਗੀ ਤਰ੍ਹਾਂ ਪਕਾ ਕੇ ਖਾਧਾ ਜਾਵੇ ਤਾਂ ਵੀ ਬਹੁਤ ਸਾਰੇ ਮਾੜੇ ਕੀਟਾਣੂ ਖ਼ਤਮ ਹੋ ਸਕਦੇ ਹਨ।

3. ਸਿਗਰਟ ਨਾ ਪੀ ਕੇ ਅਸੀਂ ਫੇਫੜਿਆਂ ਵਿਚਲੇ ਇਮਿਊਨ ਸਿਸਟਮ ਦੇ ਸੈੱਲਾਂ ਦੀ ਮਦਦ ਕਰ ਸਕਦੇ ਹਾਂ ਤੇ ਫੇਫੜਿਆਂ ਅੰਦਰਲੇ ਸੈੱਲਾਂ ਨੂੰ ਰਵਾਂ ਰੱਖ ਸਕਦੇ ਹਾਂ।

4. ਲੋੜੋਂ ਵਾਧੂ ਸ਼ੱਕਰ, ਘਿਓ, ਲੂਣ, ਪ੍ਰੋਟੀਨ, ਡੱਬਾ ਬੰਦ ਚੀਜ਼ਾਂ, ਫਾਸਟ ਫੂਡਜ਼ ਆਦਿ ਤੋਂ ਪਰਹੇਜ਼ ਕਰਨ ਨਾਲ ਵੀ ਸਰੀਰ ਨੂੰ ਬੇਲੋੜਾ ਭਾਰ ਨਹੀਂ ਝੱਲਣਾ ਪੈਂਦਾ ਤੇ ਨਾ ਹੀ ਇਨ੍ਹਾਂ ਨੂੰ ਸਰੀਰ ਵਿਚੋਂ ਕੱਢਣ ਦੀ ਮਿਹਨਤ ਕਰਨੀ ਪੈਂਦੀ ਹੈ।

5. ਨੱਕ ਵਿਚਲੇ ਵਾਲ ਨਾ ਕੱਟੇ ਜਾਣ। ਇਨ੍ਹਾਂ ਦਾ ਕੰਮ ਹੁੰਦਾ ਹੈ ਮਿੱਟੀ ਘੱਟਾ ਤੇ ਵੱਡੇ ਕੀਟਾਣੂਆਂ ਨੂੰ ਅੜਾ ਕੇ ਨਿੱਛ ਰਾਹੀਂ ਬਾਹਰ ਕੱਢ ਦਿੱਤਾ ਜਾਏ। ਇਸੇ ਲਈ ਨਿੱਛ ਨੂੰ ਰੋਕਣਾ ਨਹੀਂ ਚਾਹੀਦਾ ਤੇ ਨਾ ਹੀ ਨਹਿਸ਼ ਮੰਨਣੀ ਚਾਹੀਦੀ ਹੈ।

6. ਰੋਜ਼ਾਨਾ 40 ਮਿੰਟ ਕਸਰਤ ਕਰਦੇ ਰਹਿਣ ਨਾਲ ਸਾਰਾ ਸਰੀਰ ਹੀ ਚੁਸਤ ਹੋ ਜਾਂਦਾ ਹੈ ਤੇ ਇਸੇ ਨਾਲ ਹੀ ਇਮਿਊਨ ਸਿਸਟਮ ਵੀ। ਇੰਜ ਭਾਰ ਕਾਬੂ ਵਿਚ ਰਹਿੰਦਾ ਹੈ ਤੇ ਮੋਟਾਪੇ ਤੋਂ ਹੋ ਰਹੀਆਂ ਬੀਮਾਰੀਆਂ ਤੋਂ ਵੀ ਬਚਾਓ ਹੋ ਜਾਂਦਾ ਹੈ।

7. ਬਲੱਡ ਪ੍ਰੈਸ਼ਰ ਨਾ ਵੱਧਣ ਦਿੱਤਾ ਜਾਵੇ ਅਤੇ ਤਣਾਓ ਘੱਟ ਸਹੇੜਿਆ ਜਾਵੇ। ਤਣਾਓ ਸਾਡੇ ਪੂਰੇ ਸਰੀਰ ਦਾ ਨਾਸ ਮਾਰ ਦਿੰਦਾ ਹੈ ਤੇ ਇਮਿਊਨ ਸਿਸਟਮ ਨੂੰ ਠੱਪ ਕਰ ਦਿੰਦਾ ਹੈ।

8. ਪੂਰੀ ਨੀਂਦਰ ਲੈਣ ਨਾਲ ਸਰੀਰ ਦੇ ਸੈੱਲਾਂ ਨੂੰ ਰਿਪੇਅਰ ਕਰਨ ਦਾ ਸਮਾਂ ਮਿਲ ਜਾਂਦਾ ਹੈ।

9. ਸ਼ਰਾਬ ਤੇ ਨਸ਼ਾ ਵੀ ਇਮਿਊਨ ਸਿਸਟਮ ਨੂੰ ਕੰਮ ਕਾਰ ਕਰਨ ਤੋਂ ਰੋਕਦਾ ਹੈ। ਇਸੇ ਲਈ ਇਨ੍ਹਾਂ ਤੋਂ ਬਚਣ ਦੀ ਲੋੜ ਹੈ।

ਵਾਇਰਸ ਸਰੀਰ ਅੰਦਰ ਕਿਵੇਂ ਵੜਦੀ ਹੈ?

ਚਮੜੀ, ਸਾਹ ਦੇ ਰਾਹ ਤੇ ਮੂੰਹ ਅੰਦਰਲੀ ਪਰਤ ਵਾਇਰਸ ਲਈ ਰੋਕਾ ਬਣ ਕੇ ਖੜ੍ਹੇ ਹਨ।

ਜਦੋਂ ਵੱਡੀ ਗਿਣਤੀ ਵਾਇਰਸ ਹੱਲਾ ਬੋਲ ਕੇ ਇਹ ਰਾਹ ਲੰਘ ਜਾਣ ਤਾਂ ਇੰਨੇਟ ਇਮਿਊਨਿਟੀ ਕੰਮ ਸ਼ੁਰੂ ਕਰ ਦਿੰਦੀ ਹੈ। ਇਸ ਵਿਚ ਕੁਝ ਕੈਮੀਕਲ ਤੇ ਬਾਕੀ ਸਰੀਰ ਦੇ ਸੈੱਲ ਰਲ ਮਿਲ ਕੇ ਵਾਇਰਸ ਨੂੰ ਢਾਅ ਲੈਂਦੇ ਹਨ। ਜੇ ਵਾਇਰਸ ਬਹੁਤ ਜ਼ਿਆਦਾ ਮਾਤਰਾ ਵਿਚ ਹੋਵੇ ਤਾਂ ਸਰੀਰ ਦੇ ਸੈੱਲ ਤੇ ਪ੍ਰੋਟੀਨ ਰਲ ਕੇ ਕੁਝ ਦਿਨਾਂ ਜਾਂ ਹਫ਼ਤਿਆਂ ਵਿਚ ਐਂਟੀਬਾਡੀ ਤਿਆਰ ਕਰ ਲੈਂਦੇ ਹਨ ਤੇ ਫੇਰ ਵਾਇਰਸ ਨੂੰ ਮਾਰ ਮੁਕਾਉਂਦੇ ਹਨ।

ਜੇ ਸਰੀਰ ਦਾ ਸਾਰਾ ਸਿਸਟਮ ਫੇਲ੍ਹ ਹੋ ਜਾਵੇ ਅਤੇ ਵਾਇਰਸ ਉਸ ਤੋਂ ਵੀ ਕਿਤੇ ਵੱਧ ਹੋਵੇ ਤਾਂ ਮੌਤ ਹੋ ਸਕਦੀ ਹੈ।

ਧਿਆਨ ਰਹੇ ਕਿ ਟੀ-ਸੈੱਲ ਵੱਲੋਂ ਬਣਾਈ ਫੌਜ ਸਿਰਫ਼ ਉਸੇ ਹਮਲੇ ਵਿਚ ਵੜੀ ਵਾਇਰਸ ਵਿਰੁੱਧ ਹੀ ਅਸਰਦਾਰ ਸਾਬਤ ਹੁੰਦੀ ਹੈ। ਮਿਸਾਲ ਵਜੋਂ ਜੇ ਕੋਵਿਡ 19 ਖ਼ਿਲਾਫ਼ ਸੈੱਲ ਤਿਆਰ ਹੋ ਚੁੱਕੇ ਹਨ ਤਾਂ ਉਹ ਇਨਫਲੂਐਂਜ਼ਾ ਵਾਇਰਸ ਵਿਰੁੱਧ ਅਸਰ ਨਹੀਂ ਵਿਖਾਉਣਗੇ। ਉਸ ਵਾਸਤੇ ਸਰੀਰ ਨੂੰ ਵੱਖ ਐਂਟੀਬਾਡੀ ਬਣਾਉਣੇ ਪੈਂਦੇ ਹਨ।

ਐਂਟੀਬਾਡੀ ਜਾਂ ਤਾਂ ਕੀਟਾਣੂਆਂ ਦੇ ਹੱਲੇ ਬਾਅਦ ਜਾਂ ਟੀਕਾਕਰਨ ਰਾਹੀਂ ਵੜੇ ਥੋੜੇ ਕੀਟਾਣੂਆਂ ਦੇ ਆਧਾਰ ਉੱਤੇ ਹੀ ਤਿਆਰ ਹੁੰਦੇ ਹਨ; ਨਿੰਬੂ, ਅਦਰਕ, ਹਲਦੀ ਜਾਂ ਤੁਲਸੀ ਨਾਲ ਨਹੀਂ।

ਜੇ ਖੰਘ ਜ਼ੁਕਾਮ ਨਾਲ ਬੁਖ਼ਾਰ, ਸਿਰ ਪੀੜ, ਬਲਗਮ ਜਾਂ ਬੇਹੋਸ਼ੀ ਹੁੰਦੀ ਹੈ ਤਾਂ ਇਹ ਸਾਰਾ ਕੁਝ ਵਾਇਰਸ ਸਦਕਾ ਨਹੀਂ ਹੁੰਦਾ ਬਲਕਿ ਵਾਇਰਸ ਵਿਰੁੱਧ ਸਰੀਰ ਨੇ ਜੋ ਜੰਗ ਵਿੱਢੀ ਹੁੰਦੀ ਹੈ, ਉਸੇ ਇੰਨੇਟ ਇਮਿਊਨਿਟੀ ਸਦਕਾ ਇਹ ਲੱਛਣ ਦਿਸਦੇ ਹਨ ਕਿ ਸਰੀਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ।

ਇਮਿਊਨਿਟੀ ਵਧਣ ਦਾ ਮਤਲਬ ਹੈ ਕਿ ਇਹ ਲੱਛਣ ਹੋਰ ਜ਼ਿਆਦਾ ਵੱਧ ਦਿਸਣਗੇ ਨਾ ਕਿ ਘੱਟ ਹੋ ਜਾਣਗੇ।

ਚੁਫ਼ੇਰੇ ਇਸ਼ਤਿਹਾਰਬਾਜ਼ੀ ਵਿਚ ਇਮਿਊਨਿਟੀ ਦੇ ਨਾਂ ਉੱਤੇ ਖ਼ਰਬਾਂ ਦੇ ਵਪਾਰ ਵਿਚ ਇਮਿਊਨਿਟੀ ਵਧਾਉਣ ਦੇ ਜੋ ਨੁਸਖ਼ੇ ਦੱਸੇ ਜਾ ਰਹੇ ਹਨ ਉਹ ਬੀਮਾਰੀ ਤੇ ਲੱਛਣ ਰੋਕਣ ਬਾਰੇ ਰੌਲਾ ਪਾ ਰਹੇ ਹਨ। ਇਸ ਦਾ ਮਤਲਬ ਇਹ ਹੋਇਆ ਕਿ ਉਹ ਇਮਿਊਨਿਟੀ ਵਧਾ ਨਹੀਂ ਰਹੇ ਸਗੋਂ ਇਮਿਊਨ ਸਿਸਟਮ ਹੀ ਠੱਪ ਕਰਨ ਲੱਗੇ ਹਨ।

ਬੁਖ਼ਾਰ, ਖੰਘ, ਬਲਗਮ, ਸਰੀਰ ਟੁੱਟਣਾ ਤਾਂ ਵਧੀਆ ਲੱਛਣ ਹਨ ਕਿ ਸਾਡੀ ਕੁਦਰਤ ਵੱਲੋਂ ਬਖ਼ਸ਼ੀ ਇਮਿਊਨਿਟੀ ਪਹਿਲਾਂ ਤੋਂ ਹੀ ਤਗੜੀ ਹੈ, ਹੋਰ ਤਗੜੀ ਕਰਨ ਦੀ ਲੋੜ ਨਹੀਂ।

ਬੁਖ਼ਾਰ ਵਾਇਰਸ ਨੂੰ ਹੋਰ ਫੈਲਣ ਤੋਂ ਰੋਕ ਕੇ ਉਸ ਨੂੰ ਮਾਰ ਦਿੰਦਾ ਹੈ। ਵਾਇਰਸ ਨੂੰ ਮਾਰਨ ਬਾਅਦ ਜਿਹੜੀ ਉਸਦੀ ਗੰਦਗੀ ਇਕੱਠੀ ਹੁੰਦੀ ਹੈ ਉਸ ਨਾਲ ਸਰੀਰ ਟੁੱਟਦਾ ਮਹਿਸੂਸ ਹੁੰਦਾ ਹੈ। ਇਹ ਗੰਦਗੀ ਜਦੋਂ ਨਸਾਂ ਰਾਹੀਂ ਸਰੀਰ ਬਾਹਰ ਧੱਕਦਾ ਹੈ ਤਾਂ ਸੈੱਲ ਉਨ੍ਹਾਂ ਬਚੇ ਖੁਚੇ ਟੋਟਿਆਂ ਨੂੰ ਬਾਹਰ ਕੱਢਣ ਵੇਲੇ ਦਿਮਾਗ਼ ਨੂੰ ਸੁਨੇਹਾ ਭੇਜ ਦਿੰਦਾ ਹੈ ਕਿ ਹੁਣ ਸਫ਼ਾਈ ਲਗਭਗ ਮੁਕੰਮਲ ਹੈ। ਇੰਜ ਸਰੀਰ ਸੁਸਤ ਪੈ ਕੇ ਠੀਕ ਹੋਣ ਵੱਲ ਤੁਰ ਪੈਂਦਾ ਹੈ।

ਇਸ ਸਾਰੇ ਦੌਰ ਵਿਚ ਹਰੀ ਚਾਹ ਜਾਂ ਕਿਸੇ ਵੀ ਕਿਸਮ ਦੇ ਜ਼ਿੰਕ, ਵਿਟਾਮਿਨ ਜਾਂ ਹੋਰ ਇਮਿਊਨ ਬੂਸਟਰ ਕਿਤੇ ਕੰਮ ਨਹੀਂ ਆਉਂਦੇ ਕਿਉਂਕਿ ਢਿੱਡ ਵਿਚ ਗਈਆਂ ਇਨ੍ਹਾਂ ਚੀਜ਼ਾਂ ਨੂੰ ਹਜ਼ਮ ਕਰ ਕੇ ਕਿਸੇ ਪਾਸੇ ਲਾਉਣ ਨਾਲੋਂ ਸਰੀਰ ਆਪਣੇ ਇਮਿਊਨ ਸਿਸਟਮ ਦੇ ਕੰਮ ਕਾਰ ਵੱਲ ਪੂਰਾ ਧਿਆਨ ਦੇ ਰਿਹਾ ਹੁੰਦਾ ਹੈ।

ਅਣਗਿਣਤ ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਜ਼ਿੰਕ ਜਾਂ ਵਿਟਾਮਿਨ ਸੀ ਸਰੀਰ ਵਿਚਲੀ ਕਿਸੇ ਕਿਸਮ ਦੀ ਕਮੀ ਨੂੰ ਠੀਕ ਕਰਨ ਵਿਚ ਭਾਵੇਂ ਥੋੜ੍ਹੀ ਬਹੁਤ ਮਦਦ ਕਰ ਦੇਣ ਪਰ ਵਾਇਰਸ ਦੇ ਮੌਜੂਦਾ ਹੱਲੇ ਦੌਰਾਨ ਬੇਅਸਰ ਹਨ।

ਜੇ ਅਡੈਪਟਿਵ ਇਮਿਊਨਿਟੀ ਵਿਚ ਅਸਰ ਭਾਲਣਾ ਹੋਵੇ ਤਾਂ ਇਮਿਊਨਿਟੀ ਵਧਾਉਣ ਵਾਲੀਆਂ ਚੀਜ਼ਾਂ ਸਗੋਂ ਕਹਿਰ ਢਾਅ ਸਕਦੀਆਂ ਹਨ ਕਿਉਂਕਿ ਲੋੜੋਂ ਵੱਧ ਇਮਿਊਨ ਰਿਐਕਸ਼ਨ ਲਗਾਤਾਰ ਨਿੱਛਾਂ, ਅੱਖਾਂ ਵਿਚੋਂ ਪਾਣੀ ਵੱਗਣਾ, ਅੱਖਾਂ ਲਾਲ ਹੋਣੀਆਂ, ਸਰੀਰ ਟੁੱਟਦਾ ਰਹਿਣਾ, ਥਕਾਵਟ ਆਦਿ ਬਹੁਤ ਵਧਾ ਦੇਵੇਗਾ।

ਖੋਜਾਂ ਪੂਰੀ ਤਰ੍ਹਾਂ ਸਪੱਸ਼ਟ ਕਰ ਚੁੱਕੀਆਂ ਹਨ ਕਿ ਲੋੜੋਂ ਵੱਧ ਵਿਟਾਮਿਨ ਫ਼ਾਇਦਾ ਕਰਨ ਦੀ ਥਾਂ ਨੁਕਸਾਨਦੇਹ ਸਾਬਤ ਹੋ ਰਹੇ ਹਨ।

ਨੋਬਲ ਪੁਰਸਕਾਰ ਜੇਤੂ ਪੋਲਿੰਗ ਵੱਲੋਂ ਵਿਟਾਮਿਨ 'ਸੀ' ਦਾ ਜ਼ੁਕਾਮ ਵਿਚ ਵਧੀਆ ਅਸਰ ਵਿਖਾਇਆ ਗਿਆ ਸੀ। ਕਈ ਸਾਲਾਂ ਤਕ ਦੁਨੀਆਂ ਭਰ ਵਿਚ ਇਸ ਵਿਟਾਮਿਨ ਉੱਤੇ ਖੋਜ ਕਰ ਕੇ ਇਹ ਸਾਬਤ ਹੋਇਆ ਕਿ 18,000 ਮਿਲੀਗ੍ਰਾਮ ਵਿਟਾਮਿਨ ਸੀ ਰੋਜ਼ ਖਾਣ ਬਾਅਦ ਵੀ ਕਿਸੇ ਇਕ ਵੀ ਮਰੀਜ਼ ਦਾ ਖੰਘ ਜ਼ੁਕਾਮ ਨਾ ਘਟਿਆ ਤੇ ਨਾ ਹੀ ਠੀਕ ਹੋਇਆ। ਇਨ੍ਹਾਂ ਸਾਰੀਆਂ ਖੋਜ ਦਾ ਨਿਚੋੜ ਸੰਨ 2013 ਵਿਚ ਕੋਕਰੇਨ ਨੇ ਛਾਪਿਆ ਕਿ ਜ਼ੁਕਾਮ ਖੰਘ ਠੀਕ ਕਰਨ ਵਿਚ ਵਿਟਾਮਿਨ ਸੀ ਦਾ ਕੋਈ ਰੋਲ ਨਹੀਂ ਲੱਭਿਆ ਗਿਆ ਬਲਕਿ ਲੋੜੋਂ ਵੱਧ ਵਿਟਾਮਿਨ ਸੀ ਖਾਣ ਨਾਲ ਗੁਰਦੇ ਵਿਚ ਪੱਥਰੀਆਂ ਜ਼ਰੂਰ ਬਣ ਗਈਆਂ।

ਇਸੇ ਤਰ੍ਹਾਂ ਐਂਟੀਆਕਸੀਡੈਂਟ, ਜ਼ਿੰਕ ਆਦਿ ਵੀ ਬੇਅਸਰ ਸਾਬਤ ਹੋਏ। ਸਿਰਫ਼ ਵਿਟਾਮਿਨ ਡੀ ਦੀ ਜੇ ਕਮੀ ਹੋਵੇ ਤਾਂ ਵਿਟਾਮਿਨ ਡੀ ਸਹੀ ਮਾਤਰਾ ਵਿਚ ਲਈ ਜਾ ਸਕਦੀ ਹੈ।

ਯੇਲ ਯੂਨੀਵਰਸਿਟੀ ਦੇ ਇਮਿਊਨੋਲੌਜਿਸਟ ਡਾ. ਅਕੀਕੋ ਨੇ ਸਪੱਸ਼ਟ ਕੀਤਾ ਕਿ ਸੰਨ 1918 ਦੀ ਫਲੂ ਮਹਾਂਮਾਰੀ ਦੌਰਾਨ 50 ਕਰੋੜ ਲੋਕਾਂ ਨੂੰ ਬੀਮਾਰੀ ਹੋਈ ਤੇ ਇਕ ਕਰੋੜ ਮਰ ਗਏ। ਉਦੋਂ ਵਿਕਸ ਵੇਪੋਰਬ, ਸੱਪ ਦੇ ਤੇਲ ਤੇ ਮਿੰਟ ਚੂਸਣ ਦੀਆਂ ਗੋਲੀਆਂ ਦਾ ਅਰਬਾਂ ਦਾ ਕਾਰੋਬਾਰ ਹੋਇਆ। ਕੋਈ ਵਿਰਲਾ ਹੀ ਘਰ ਹੋਵੇਗਾ ਜਿਸ ਨੇ ਉਦੋਂ ਇਨ੍ਹਾਂ ਚੀਜ਼ਾਂ ਨੂੰ ਵਰਤਿਆ ਨਾ ਹੋਵੇ।

ਉਸ ਤੋਂ ਬਾਅਦ ਅਣਗਿਣਤ ਖੋਜਾਂ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਚੀਜ਼ਾਂ ਦਾ ਇਮਿਊਨਿਟੀ ਵਧਾਉਣ ਉੱਤੇ ਕੋਈ ਅਸਰ ਨਹੀਂ ਪਿਆ। ਸਿਰਫ਼ ਹਰ ਕਿਸੇ ਦੇ ਮਨ ਨੂੰ ਇਹ ਤਸੱਲੀ ਹੋ ਗਈ ਸੀ ਕਿ ਉਨ੍ਹਾਂ ਨੇ ਕੋਈ ਫ਼ਾਇਦੇਮੰਦ ਚੀਜ਼ ਖਾਧੀ ਹੈ ਜਿਸ ਨਾਲ ਉਹ ਬਚ ਜਾਣਗੇ।

**ਮੌਜੂਦਾ ਹਾਲਾਤ**—ਇਸ ਸਮੇਂ ਵਿਸ਼ਵ ਪੱਧਰ ਉੱਤੇ ਖ਼ਰਬਾਂ ਦਾ ਕਾਰੋਬਾਰ ਸਿਰਫ਼ ਇਮਿਊਨਿਟੀ ਵਧਾਉਣ ਉੱਤੇ ਕੇਂਦ੍ਰਿਤ ਹੋਇਆ ਪਿਆ ਹੈ। ਜੇ ਸਮਝ ਆ ਗਈ ਹੋਵੇ ਕਿ ਇਮਿਊਨਿਟੀ ਨਾਲ ਛੇੜਛਾੜ ਮਹਿੰਗੀ ਪੈ ਸਕਦੀ ਹੈ ਤਾਂ ਇਸ ਝੰਜਟ ਤੋਂ ਪਰ੍ਹਾਂ ਹੋ ਕੇ ਸੰਤੁਲਿਤ ਖ਼ੁਰਾਕ, ਕਸਰਤ ਅਤੇ ਚੜ੍ਹਦੀ ਕਲਾ ਨਾਲ ਕੀਟਾਣੂਆਂ ਨਾਲ ਵਿੱਢੀ ਜੰਗ ਤਾਂ ਜਿੱਤੀ ਜਾ ਹੀ ਸਕਦੀ ਹੈ, ਕੈਂਸਰ ਵਰਗੀ ਨਾਮੁਰਾਦ ਬੀਮਾਰੀ ਨਾਲ ਵੀ ਲੜਿਆ ਜਾ ਸਕਦਾ ਹੈ।

**ਸਾਰ**—ਸਾਰ ਇਹੋ ਹੈ ਕਿ ਅੰਤ ਤਾਂ ਹਰ ਕਿਸੇ ਉੱਤੇ ਆਉਣਾ ਹੀ ਹੈ। ਆਪਣੇ ਸਰੀਰ ਜਾਂ ਕੁਦਰਤ ਨਾਲ ਛੇੜਛਾੜ ਕਰਨੀ ਮਹਿੰਗੀ ਪੈਂਦੀ ਹੈ। ਇਮਿਊਨਿਟੀ ਵਧਾਉਣ ਜਾਂ ਸਰੀਰ ਵਿਚਲੇ ਇਮਿਊਨ ਸਿਸਟਮ ਨੂੰ ਹਾਲੇ ਤਕ ਆਪਣੇ ਹਿਸਾਬ ਨਾਲ ਚਲਾਉਣ ਦਾ ਢੰਗ ਕਿਸੇ ਨੂੰ ਨਹੀਂ ਆਇਆ। ਇਨ੍ਹਾਂ ਢਕੋਸਲਿਆਂ ਤੋਂ ਬਚ ਕੇ, ਫਾਲਤੂ ਦੇ ਸੈਨੇਟਾਈਜ਼ਰ ਤੇ ਡਿਸਇਨਫੈਕਟੈਂਟਾਂ ਤੋਂ ਨਿਜਾਤ ਪਾਉਣੀ ਬਿਹਤਰ ਹੈ। ਗੰਦਗੀ ਹਰ ਸਾਲ ਫੈਲਾਉਣ ਤੋਂ ਰੋਕਣ ਦੀ ਲੋੜ ਹੈ। ਮਾਸਕ ਪਾ ਕੇ ਆਪਣੇ ਸਾਹ ਰਾਹੀਂ ਫੈਲਦੇ ਕੀਟਾਣੂਆਂ ਨੂੰ ਜ਼ਰੂਰ ਬੰਨ੍ਹਿਆ ਜਾ ਸਕਦਾ ਹੈ।

***ਫੋਨ : 0175-2216783*** (ਧੰਨਵਾਦ ਦੇ.ਸੇ)

# ਪਹਾੜ ਪੁੱਟ ਕੇ ਨਹਿਰ ਬਣਾਉਣ ਵਾਲਾ ਦੈਤਰੀ ਨਾਇਕ

**—ਪ੍ਰੋ. ਸ਼ੋਇਬ ਜ਼ਫ਼ਰ**

ਇਸ ਵਾਰ ਦੇ ਪਦਮ ਪੁਰਸਕਾਰਾਂ ਦੀ ਸੂਚੀ ਵਿਚ ਇਕ ਨਾਮ ਓਡੀਸ਼ਾ ਦੇ ਰਹਿਣ ਵਾਲੇ ਦੈਤਰੀ ਨਾਇਕ ਦਾ ਵੀ ਸੀ ਜਿਸ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ।

ਦੈਤਰੀ ਨਾਇਕ ਉਹ ਵਿਅਕਤੀ ਨੇ ਜਿਸ ਨੇ ਆਪਣੇ ਪਿੰਡ ਪਾਣੀ ਲਿਆਉਣ ਖਾਤਰ ਪਹਾੜ ਪੁੱਟ ਕੇ ਨਹਿਰ ਬਣਾਈ ਸੀ।

ਨਾਇਕ ਨੇ ਇਸ ਤਰੀਕੇ ਆਪਣੇ ਪਿੰਡ ਦੇ ਕਿਸਾਨਾਂ ਦੀ ਪਾਣੀ ਸਬੰਧੀ ਮੁਸ਼ਕਿਲ ਨੂੰ ਦੂਰ ਕੀਤਾ ਸੀ।

70 ਸਾਲਾਂ ਦੈਤਰੀ ਨੂੰ ਇਹ ਨਹਿਰ ਬਣਾਉਣ ਵਿਚ ਕਰੀਬ ਤਿੰਨ ਸਾਲ ਲੱਗੇ ਅਤੇ ਉਨ੍ਹਾਂ ਇਕੱਲਿਆਂ ਆਪਣੇ ਦਮ 'ਤੇ ਇਕ ਕਿਲੋਮੀਟਰ ਲੰਬੀ ਨਹਿਰ ਪੁੱਟ ਦਿੱਤੀ।

ਕੇਂਦੂਯਰ ਜ਼ਿਲ੍ਹੇ ਦੇ ਬਾਂਸਪਾਲ ਤੇਲਕੋਈ ਅਤੇ ਹਰਿਚੰਦਪੁਰਾ ਬਲਾਕ ਵਾਸੀਆਂ ਨੂੰ ਲੰਬੇ ਸਮੇਂ ਤੋਂ ਪਾਣੀ ਦੀ ਕਮੀ ਨਾਲ ਜੂਝਣਾ ਪੈ ਰਿਹਾ ਸੀ ਅਤੇ ਖੇਤੀ 'ਤੇ ਵੀ ਅਸਰ ਪੈ ਰਿਹਾ ਸੀ।

ਨਾਇਕ ਦੀ ਮਿਹਨਤ ਤੋਂ ਬਾਅਦ ਲੋਕਾਂ ਨੂੰ ਭਰਪੂਰ ਪਾਣੀ ਮਿਲ ਰਿਹਾ ਹੈ। ਨਾਇਕ ਨੇ ਇਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪਿੰਡ ਵਿਚ ਪਾਣੀ ਲਿਆਉਣ ਦੀ ਸੌਂਹ ਖਾ ਲਈ ਸੀ ਜਿਸ ਨੂੰ ਉਨ੍ਹਾਂ ਸਿਰੇ ਚਾੜ੍ਹ ਕੇ ਹੀ ਦਮ ਲਿਆ।

ਇਸ ਕੰਮ ਵਿਚ ਉਸ ਦੇ ਪਰਿਵਾਰ ਵਾਲਿਆਂ ਨੇ ਵੀ ਉਸ ਦੀ ਮਦਦ ਕੀਤੀ ਅਤੇ ਪੱਥਰਾਂ ਨੂੰ ਤੋੜ ਕੇ ਨਹਿਰ ਬਣਾਈ ਗਈ।

ਦੈਤਰੀ ਦੀ ਇਸ ਹਿੰਮਤ ਦਾ ਪਤਾ ਲੱਗਣ ਤੋਂ ਬਾਅਦ ਪ੍ਰਸ਼ਾਸਨ ਦੀਆਂ ਵੀ ਅੱਖਾਂ ਖੁੱਲ੍ਹੀਆਂ ਅਤੇ ਮਦਦ ਦਾ ਭਰੋਸਾ ਦਿੱਤਾ।

ਦੈਤਰੀ ਨਾਇਕ ਦੀ ਕਹਾਣੀ ਬਿਹਾਰ ਦੇ ਦਸ਼ਰੱਥ ਮਾਂਝੀ ਵਰਗੀ ਹੀ ਹੈ।

ਦੱਸਣਯੋਗ ਹੈ ਕਿ ਮਾਂਝੀ ਦੇ 20 ਸਾਲਾਂ ਵਿਚ ਇਕ ਪਹਾੜ ਪੱਟ ਕੇ ਆਪਣੇ ਪਿੰਡ ਲਈ ਸੜਕ ਬਣਾਈ ਸੀ। ਮਾਂਝੀ ਦੀ ਘਰਵਾਲੀ ਦੀ ਮੌਤ ਜਣੇਪੇ ਵੇਲੇ ਪਿੰਡ ਤੋਂ ਸ਼ਹਿਰ ਨੂੰ ਕੋਈ ਰਸਤਾ ਨਾ ਹੋਣ ਕਾਰਨ ਹੋਈ ਸੀ।

(ਧੰਨਵਾਦ ਸ.ਪ.)

ਐਡੀਟਰ, ਪ੍ਰਿੰਟਰ ਅਤੇ ਪਬਲਿਸ਼ਰ ਓਮ ਪ੍ਰਕਾਸ਼ ਖੇਮਕਰਨੀ ਨੇ ਦਸ਼ਮੇਸ਼ ਪ੍ਰਿੰਟਰਜ਼ ਰਣਜੀਤ ਨਗਰ ਅਤੇ ਨਵਾਂ ਜ਼ਮਾਨਾ ਪ੍ਰਿੰਟਰਜ਼ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਛਪਵਾ ਕੇ ਦਫਤਰ ਰੋਜ਼ਾਨਾ ਮਿਹਨਤ (ਪੰਜਾਬੀ) ਕਨਾਟ ਸਰਕਸ ਪੱਕਾ ਬਾਗ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਮਾਲਕ ਕਮਲ ਕੁਮਾਰ ਸ਼ਰਮਾ। ਆਰ.ਐਨ.ਆਈ ਰਜਿਸਟਰੇਸ਼ਨ ਨੰਬਰ 61817/95